# ਅੰਮ੍ਰਿਤ ਕੀਰਤਨ

ਅਪਰੈਲ 2014



ਤੀਜੀ ਉਦਾਸੀ ਮੌਕੇ ਨਾਨਕ ਜੀ ਤੇ ਮਰਦਾਨੇ
ਨੂੰ ਜਾਂਦਿਆਂ ਤੱਕਦਿਆਂ।

ਮੁੱਲ ₹15/-

**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**



# ਪੈਂਤੀ ਅੱਖਰੀ-ਕਾਫ਼ੀਆਂ

## ਫ

ਫਸੀ ਜਾਨ ਅਜ਼ਾਬਾਂ ਦੇ
ਇਕ ਜ਼ਿੰਦਗੀ ਦੁਖ ਘਨੇਰੇ ਹੂ।

ਪਾਸਾ ਕੋਈ ਨਾ ਖਾਲੀ
ਪਿੱਛੇ ਸੁਖ ਤੇ ਦੁੱਖ ਅਗੇਰੇ ਹੂ।

ਰਾਤ ਦਿਹੁੰ ਕੁਰਲਾਂਦਾ ਫਿਰਦਾ,
ਚੀਖੇ ਸ਼ਾਮ ਸਵੇਰੇ ਹੂ।

ਰਬ ਭਾਣੇ ਸੰਤੋਖ ਜੇ ਰਹੀਏ,
ਆਵਣ ਦਿਨ ਚੰਗੇਰੇ ਹੂ।

ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ
ਸਹਿਯੋਗੀ
ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ
ਆਨਰੇਰੀ ਸਲਾਹਕਾਰ
ਸ: ਹਰਚੰਦਨ ਸਿੰਘ

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

ਕਰਉ ਬੇਨੰਤੀਆ - ਪ੍ਰਾਪਤ ਪੁਸਤਕਾਂ 5

ਗੁਰਮਤਿ ਸੰਗੀਤ ਵਿਚ ਰਾਗ ਗਉੜੀ
ਗੁਰਨਾਮ ਸਿੰਘ (ਡਾ.)* 7

**Musical Framework of Guru Granth Sahib**
**Amardeep Singh** 10

ਗੁਰੂ ਅਤੇ ਰਾਗ, ਸਿੱਖ ਅਤੇ ਨਿਯਮ
ਕਰਮ ਸਿੰਘ ਰਤਨ 19

ਸੁਰ ਲਿਪੀ ਰਾਗ ਮਾਲਕੌਂਸ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26

### ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

'ਅੰਮ੍ਰਿਤ ਕੀਰਤਨ' ਚੜ੍ਹਦੇ ਮਹੀਨੇ ਹੀ ਰੂਹ ਨੂੰ ਖੇੜਾ ਪ੍ਰਦਾਨ ਕਰ ਦਿੰਦਾ ਹੈ। ਇਸ ਨਿਰੰਤਰ ਸਾਧਨਾ ਲਈ ਤੇ ਮੁਹੱਬਤ ਦਾ ਚਾਨਣ ਵੰਡਣ ਲਈ ਕੋਟਿ-ਕੋਟਿ ਧੰਨਵਾਦ। ਫਰਵਰੀ, 2014 ਅੰਕ ਪੜ੍ਹਦਿਆਂ ਤੁਹਾਡੀ ਸੰਪਾਦਕੀ 'ਹਉ ਬਲਿਹਾਰੀ ਤਿੰਨ ਪੰਖੀਆ' ਪੜ੍ਹਕੇ ਮੈਨੂੰ ਬੇਬੇ ਯਾਦ ਆ ਗਈ ਜੋ ਮੇਰੇ ਜਨਮ ਦਿਨ 'ਤੇ ਮੈਥੋਂ ਕਾਗਪੋਲੀ ਪੁਆਉਂਦੀ ਹੁੰਦੀ ਸੀ। ਕੋਠੇ 'ਤੇ ਜਾ ਕੇ ਮੈਂ ਖੀਰ 'ਚ ਰੋਟੀ ਦੀਆਂ ਬੁਰਕੀਆਂ ਲਬੇੜ ਸੁੱਟਣ ਲਗਦਾ ਤਾਂ ਕਿੰਨੇ ਸਾਰੇ ਕਾਂ ਆ ਜਾਂਦੇ। ਚਿੜੀਆਂ, ਗੁਟਾਰਾਂ ਵੀ ਆ ਜਾਂਦੀਆਂ। ਪੰਛੀਆਂ ਪ੍ਰਤੀ ਇਹ ਮੋਹ ਮੈਨੂੰ ਹੁਣ ਵੀ 'ਪੰਛੀਆਂ ਦੇ ਗੀਤ' ਪੁਸਤਕ ਲਿਖਣ ਲਈ ਪ੍ਰੇਰਨਾ ਬਣਿਆ। ਕਾਂ-ਕਾਗ ਤੋਂ ਕਾਗਪੋਲੀ ਦੀ ਰਸਮ ਬਣੀ। ਪ੍ਰਿੰ: ਸਤਿਬੀਰ ਸਿੰਘ: ਜੀਵਨ ਤੇ ਕਾਰਜ' ਕਮਾਲ ਜਾਣਕਾਰੀ ਭਰਪੂਰ ਹੈ। 'ਗੁਰਮਤਿ ਪ੍ਰਕਾਸ਼', 'ਸਿੱਖ ਅਜਾਇਬ ਘਰ' ਤੇ ਉਹਨਾਂ ਦੀਆਂ ਪੁਸਤਕਾਂ ਯਾਦਕਾਰੀ ਕਾਰਜ ਹਨ। ਮੈਂ ਉਹਨਾਂ ਦੀਆਂ ਪੁਸਤਕਾਂ ਪੜ੍ਹ ਕੇ ਹੀ 'ਅਗੰਮ-ਅਗੋਚਰ' ਕਾਵਿ ਪੁਸਤਕ ਲਈ ਮੀਆਂ ਮੀਰ, ਪੀਰ ਬੁੱਧੂ ਸ਼ਾਹ, ਫੇਰੂ-ਫਰਿੰਦਾ, ਬੇਬੇ ਨਾਨਕੀ ਤੇ ਹੋਰ ਸਿੱਖ-ਜਗਤ ਨਾਲ ਸੰਬੰਧਤ ਪੁਰਖਾਂ ਬਾਰੇ ਨਜ਼ਮਾਂ ਲਿਖੀਆਂ, ਜਿਹਨਾਂ ਨੂੰ ਤੁਸੀਂ ਅੰਮ੍ਰਿਤ ਕੀਰਤਨ ਵਿਚ ਢੁਕਵੀਂ ਥਾਂ ਦਿੱਤੀ। ਚੰਗਾ ਹੋਵੇ ਜੇ ਸ਼੍ਰੋਮਣੀ ਪ੍ਰਬੰਧਕ ਕਮੇਟੀ 'ਪ੍ਰਿੰਸੀਪਲ ਸਤਿਬੀਰ ਸਿੰਘ ਯਾਦਗਾਰੀ ਪੁਰਸਕਾਰ' ਆਰੰਭ ਕਰੇ। ਵਿਦਵਾਨ ਨਿਵਾਜੇ ਜਾਣ। ਡਾ. ਕਰਨੈਲ ਸਿੰਘ ਸੋਮਲ ਦਾ ਲੇਖ 'ਜੀਵਨ ਸੁਚੱਜ ਤਾਂ ਬਹੁਤ ਹੀ ਮੁੱਲਵਾਨ ਹੈ। ਡਾ. ਐੱਸ. ਐੱਸ. ਭੱਟੀ ਦੀ ਵਿਦਵਤਾ ਲਾਜਵਾਬ ਹੈ। ਰਾਗ ਬਸੰਤ ਦੀ ਮਹਿਮਾ ਬਾਰੇ ਡਾ. ਨਰਿੰਦਰ ਕੌਰ ਨੇ ਚੰਗਾ ਲਿਖਿਆ ਹੈ। ਡਾ. ਤੇਜਪਾਲ ਸਿੰਘ ਚਾਵਲਾ ਦੇ ਪਰ-ਉਪਕਾਰੀ ਕਾਰਜ, ਚਾਨਣ ਮੁਖੀ, ਦ੍ਰਿਸ਼ਟੀ ਦਾ ਪ੍ਰਮਾਣ ਹਨ। ਅਜਿਹੇ ਸਤਪੁਰਖ ਧੰਨ ਧੰਨ ਹਨ। ਮਨਮੋਹਨ ਸਿੰਘ ਦਾਊਂ, ਮੋਬਾਇਲ : 9815123900

ਫਰਵਰੀ ਅੰਕ ਪ੍ਰਾਪਤ ਹੋਇਆ। ਡਾ. ਗੁਰਨਾਮ ਸਿੰਘ ਜੀ ਦੁਆਰਾ ਲਿਖਤ 'ਗੁਰਮਤਿ ਸੰਗੀਤ ਰਾਗ ਪਰੰਪਰਾ' ਅਧੀਨ 'ਸਿਰੀ ਰਾਗ' ਅਤੇ 'ਮਾਝ ਰਾਗ' ਦਾ ਵਰਣਨ ਪੜ੍ਹਿਆ। ਕਮਾਲ ਦੀ ਖੋਜ ਹੈ। ਡਾ. ਗੁਰਨਾਮ ਸਿੰਘ ਜੀ ਦੀ ਵਿਦਵਤਾ ਨੂੰ ਪ੍ਰਣਾਮ। ਮੰਗਤ ਸਿੰਘ ਮਸਤਾਨਾ, ਮੋਬਾਇਲ : 8699594490

ਫਰਵਰੀ ਅੰਕ ਵਿਚ ਭਾਈ ਕਰਮ ਸਿੰਘ ਰਤਨ ਦੇ ਰਾਗੀ ਜੱਥੇ ਦਾ ਗੋਆ ਅਤੇ ਕਰਨਾਟਕਾ ਦਾ ਕੀਰਤਨ ਟੂਰ ਪੜ੍ਹਿਆ। ਬਹੁਤ ਵਧੀਆ ਤਰੀਕੇ ਨਾਲ ਜਾਣਕਾਰੀ ਦਿੱਤੀ ਹੈ।

ਪ੍ਰੋ: ਐੱਮ. ਐੱਸ. ਸਚਦੇਵਾ, ਇੰਡੀਅਨ ਮਿਊਜ਼ੀਅਮ ਅਕੈਡਮੀ, ਮਲੋਟ

# ਪ੍ਰਾਪਤ ਪੁਸਤਕਾਂ

ਕਲਗੀਧਰ ਟਰੱਸਟ, ਬੜੂ ਸਾਹਿਬ ਵੱਲੋਂ ਪ੍ਰਕਾਸ਼ਿਤ ਦੋ ਪੁਸਤਕਾਂ ਪ੍ਰਾਪਤ ਹੋਈਆਂ ਹਨ - ਅਨਾਹਦ ਬਾਣੀ ਅਤੇ ਅਨਾਹਦ ਨਾਦ। ਟਰਸਟ ਵੱਲੋਂ ਸੰਚਾਲਿਤ ਕੀਤੀਆਂ ਜਾ ਰਹੀਆਂ ਅਕਾਦਮੀਆਂ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਅਨੁਸਾਰ ਵਿੱਦਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਹਨਾਂ ਅਕਾਦਮੀਆਂ ਵਿਚ ਗੁਰਮਤਿ ਸੰਗੀਤ ਦੀ ਸਿਲਖਾਈ ਉੱਪਰ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। 'ਅਨਾਹਦ ਨਾਦ' ਸਤਿਕਾਰ ਯੋਗ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਦੁਆਰਾ ਲਿਖਤ ਪੁਸਤਕ ਹੈ ਇਸ ਵਿਚ ਉਹਨਾਂ ਨੇ ਆਪ ਸਿੱਖੀਆਂ ਗੁਰਮਤਿ ਸੰਗੀਤ ਦੀਆਂ ਰੀਤਾਂ ਨੂੰ ਪ੍ਰਕਾਸ਼ਿਤ ਕੀਤਾ ਹੈ। ਆਪ ਇਸ ਦੀ ਭੂਮਿਕਾ ਲਿਖਦੇ ਹਨ:

"ਸੰਤ ਅਤਰ ਸਿੰਘ ਜੀ ਮਹਾਰਾਜ ਦੇ ਆਸ਼ੇ ਅਨੁਸਾਰ ਸੰਤ ਤੇਜਾ ਸਿੰਘ ਜੀ ਨੇ ਗੁਰਦੁਆਰਾ ਨਾਨਕਸਰ ਚੀਮਾਂ ਵਿਚ ਗੁਰਮਤਿ ਸੰਗੀਤ ਵਿਦਿਆਲਾ ਖੋਲ੍ਹਿਆ। ਉਸ ਸਮੇਂ ਦੇ ਉੱਚ-ਕੋਟੀ ਦੇ ਉਸਤਾਦ ਭਾਈ ਦਰਸ਼ਨ ਸਿੰਘ ਜੀ ਕੋਮਲ, ਭਾਈ ਜਸਵੰਤ ਸਿੰਘ ਜੀ ਤੀਬਰ, ਭਾਈ ਹਰਨਾਮ ਸਿੰਘ ਜੀ ਕਪੂਰਥਲੇ ਵਾਲੇ ਆਦਿ, ਵਿਦਿਆਲੇ ਵਿਚ ਬੱਚਿਆਂ ਨੂੰ ਰਾਗਾਂ ਅਨੁਸਾਰ ਕੀਰਤਨ ਦੀ ਵਿੱਦਿਆ ਦਿੰਦੇ ਸਨ। ਇਹਨਾਂ ਕੋਲੋਂ ਸੰਤ ਤੇਜਾ ਸਿੰਘ ਜੀ ਦੇ ਉੱਘੇ ਸੇਵਕਾਂ ਨੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਬਾਬਾ ਗਿਆਨ ਸਿੰਘ ਜੀ, ਬਾਬਾ ਸੰਤੋਖ ਸਿੰਘ ਜੀ, ਡਾ. ਖੇਮ ਸਿੰਘ ਜੀ, ਉਸਤਾਦ ਸੁਰਜੀਤ ਸਿੰਘ ਜੀ, ਦਾਸ ਅਤੇ ਹੋਰ ਵਿਦਿਆਰਥੀਆਂ ਨੇ ਵੀ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਉਸ ਸਮੇਂ ਦਾਸ ਨੇ ਰਾਗਾਂ ਵਿਚ ਜੋ ਸ਼ਬਦ ਸਿੱਖੇ ਸਨ, ਉਹਨਾਂ ਨੂੰ ਇਸ ਪੁਸਤਕ ਵਿਚ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਪੀ-ਬਧ ਕਰ ਦਿੱਤਾ ਗਿਆ ਹੈ ਤਾਂ ਕਿ ਸੰਗੀਤ ਸਿੱਖਿਆ ਦੇ ਜਗਿਆਸੂ ਗੁਰਮਤਿ-ਕੀਰਤਨ ਦਾ ਲਾਭ ਉਠਾ ਸਕਣ। "

ਇਹ ਪੁਸਤਕਾਂ ਪ੍ਰਾਪਤ ਕਰਨ ਲਈ ਹੇਠ ਲਿਖੇ ਐਡਰੈੱਸ ’ਤੇ ਸੰਪਰਕ ਕੀਤਾ ਜਾ ਸਕਦਾ ਹੈ:

ਕਲਗੀਧਰ ਟਸਟਰ, ਬੜੂ ਸਾਹਿਬ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼, ਫੋਨ : 01799-276031, ਮੋਬ : 09816033303/04, ਵੈੱਬਸਾਈਟ : www.barusahib.org, ਈਮੇਲ: : info@barusahib.org

**ਤੀਜੀ ਪੁਸਤਕ ਸਾਡੇ ਮਿੱਤਰ ਮਨਮੋਹਨ ਸਿੰਘ ਦਾਊਂ (ਮੋ : 98151 23900) ਦੀ ਕਾਵਿ ਰਚਨਾ ਹੈ। ਇਸ ਵਿਚ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਸੁਲਖਣੀ ਅਤੇ ਮਰਦਾਨਾ ਜੀ ਦੇ ਸੰਬੰਧ ਵਿਚ ਨਿਵੇਕਲੀ ਸ਼ੈਲੀ ਵਿਚ ਕਾਵਿ ਰਚਨਾ ‘ਉਦਾਸੀਆਂ ਦਾ ਬੂਹਾ-ਸੁਲੱਖਣੀ’ ਕੀਤੀ ਹੈ। ਇਹਨਾਂ ਕਾਵਿ ਰਚਨਾਵਾਂ ਤੇ ਆਧਾਰਤ ਚਿਤਰ ਸਾਡੇ ਆਰਟਿਸਟ ਮਿੱਤਰ ਗੁਰਦੀਪ ਸਿੰਘ ਦੀਪ ਜੀ ( 9872812161) ਨੇ ਤਿਆਰ ਕੀਤੇ ਹਨ।ਇਸ ਪੁਸਤਕ ਵਿਚ ਮਨਮੋਹਨ ਸਿੰਘ ਦਾਊਂ ਮਾਤਾ ਸੁਲੱਖਣੀ ਜੀ ਬਾਰੇ ਲਿਖਦੇ ਹਨ : “ਗੁਰੂ ਨਾਨਕ ਹਮੇਸ਼ਾ ਸੁਲਖਣੀ ਜੀ ਨੂੰ “ਪਰਮੇਸ਼ਰ ਕੀਏ’ ਕਹਿ ਕੇ ਸਤਿਕਾਰ ਦੇਂਦੇ ਸਨ। ਗੁਰੂ ਜੀ ਲਗਪਗ 24/25 ਸਾਲ ਉਦਾਸੀਆਂ ਲਈ ਘਰੋਂ ਬਾਹਰ ਰਹੇ ਇਸ ਕਾਲ ਦੌਰਾਨ ਸੁਲੱਖਣੀ ਜੀ ਨੇ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨੂੰ ਬਹੁਤ ਸੂਝ ਤੇ ਸੰਜਮੀ ਭਾਵਨਾ ਰਾਹੀਂ ਨਿਭਾਇਆ। ਇਸ ਕਾਵਿ-ਰਚਨਾ ਰਾਹੀਂ ਸੁਲਖਣੀ ਜੀ ਦੀ** ਮਾਨਸਿਕਤਾ, **ਜੁਦਾਈ ਤੇ ਸੰਤਾਪ ਨੂੰ** ਕਾਨੀ-**ਬੰਦ ਕਰਨ ਦਾ ਜਤਨ ਕੀਤਾ ਗਿਆ ਹੈ।”**

ਇਹ ਪੁਸਤਕ ਇਕ ਤਰ੍ਹਾਂ ਇਹਨਾਂ ਦੋਹਾਂ ਕਲਾਕਾਰਾਂ ਵੱਲੋਂ ਭਾਵਪੂਰਤ ਸ਼ਰਧਾਂਜਲੀ ਬਣ ਗਈ। ਇਹ ਪੁਸਤਕ ਪ੍ਰਾਪਤ ਕਰਨ ਲਈ Tarlochan Publishers, Mobile : 98786-03236 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਪੁਸਤਕ ਵਿਚ ਪ੍ਰਕਾਸ਼ਤ ਗੁਰਦੀਪ ਸਿੰਘ ਦੀਪ ਜੀ ਦੇ ਇਕ ਚਿਤਰ ਨੂੰ ‘ਅੰਮ੍ਰਿਤ ਕੀਰਤਨ’ ਦੇ ਟਾਈਟਲ ਪੰਨੇ ’ਤੇ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

# ਗੁਰਮਤਿ ਸੰਗੀਤ ਵਿਚ ਰਾਗ ਗਉੜੀ

ਗੁਰਨਾਮ ਸਿੰਘ (ਡਾ.)*

ਗੁਰਮਤਿ ਸੰਗੀਤ ਦਾ ਮੂਲ ਰਾਗ ਪ੍ਰਬੰਧ ਇਸ ਪਰੰਪਰਾ ਦੀ ਸ਼ਬਦ ਕੀਰਤਨ ਪੱਧਤੀ ਨੂੰ ਰਾਗਾਤਮਕ ਬਨਾਉਣ ਲਈ ਸਿਰਜਿਆ ਗਿਆ ਹੈ। ਬਾਣੀ ਉੱਪਰ ਰਾਗਾਂ ਦਾ ਨਿਰਧਾਰਣ ਕੇਵਲ ਰਸਮੀ ਨਹੀਂ ਸਗੋਂ ਬਾਣੀ ਦੀ ਪ੍ਰਕਿਰਤੀ ਅਤੇ ਉਸ ਵਿਚ ਪ੍ਰਗਟਾਏ ਗਏ ਭਾਵਾਂ ਦੇ ਅਨੁਕੂਲ ਹੈ। ਵੱਖੋ ਵੱਖਰੇ ਰਾਗ ਵੱਖੋ ਵੱਖਰੇ ਸੁਰਾਤਮਕ ਰੰਗ ਦਰਸਾਉਂਦੇ ਹਨ, ਇਸੇ ਲਈ ਤਾਂ ਇਕ ਤੋਂ ਵਧੀਕ ਰਾਗ ਪ੍ਰਯੋਗ ਕੀਤੇ ਗਏ ਹਨ। ਇਸ ਲਈ ਗੁਰਬਾਣੀ ਨੂੰ ਸਬੰਧਿਤ ਰਾਗ ਵਿਚ ਗਾਉਣਾ ਜ਼ਰੂਰੀ ਹੈ। ਰਾਗੀ ਤੇ ਕੀਰਤਨੀ ਵੀਰਾਂ ਲਈ ਰਾਗ ਦਾ ਨਿਰਧਾਰਣ ਜਾਂ ਬਾਣੀ ਵਿਚ ਦਰਸਾਏ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨਾ ਉਸੇ ਤਰ੍ਹਾਂ ਜ਼ਰੂਰੀ ਹੈ ਜਿਵੇਂ ਉਨ੍ਹਾਂ ਦੇ ਬਸਤਰਾਂ ਦੀ ਬਾਹਰੀ ਦਿੱਖ ਜਾਂ ਮੈਚਿੰਗ। ਸਿੱਧੇ ਸ਼ਬਦਾਂ ਵਿਚ ਕਹੀਏ ਤਾਂ ਕੀਰਤਨੀਆਂ ਦੇ ਬਸਤਰਾਂ ਆਦਿ ਦੀ ਤਾਂ ਪੂਰੀ ਪੂਰੀ ਮੈਚਿੰਗ ਹੈ ਤੇ ਫਿਰ ਬਾਣੀ ਨਾਲ ਸਬੰਧਿਤ ਰਾਗ ਦੀ ਮੈਚਿੰਗ ਭਾਵ ਨਿਰਧਾਰਤ ਰਾਗ ਅਸੀਂ ਕਿਉਂ ਵਿਸਾਰ ਦੇਈਏ ਇਹ ਵਿਚਾਰਨ ਵਾਲੀ ਗੱਲ ਹੈ। ਖੈਰ ਅਸੀਂ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਬਾਰੇ ਵਿਚਾਰ ਕਰ ਰਹੇ ਸੀ।

ਗੁਰਮਤਿ ਸੰਗੀਤ ਦੇ ਮੂਲ ਰਾਗ ਪ੍ਰਬੰਧ ਦਾ ਆਧਾਰ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬਾਣੀ ਦਾ ਸੰਗੀਤ ਵਿਧਾਨ ਹੈ ਜਿਸ ਵਿਚ ਮੁੱਖ 31 ਰਾਗ ਤੇ ਵਿਭਿੰਨ ਰਾਗ ਪ੍ਰਕਾਰ ਪ੍ਰਯੋਗ ਕੀਤੇ ਗਏ ਹਨ। ਇਨ੍ਹਾਂ ਰਾਗਾਂ ਵਿਚੋਂ ਤੀਸਰਾ ਰਾਗ ਗਉੜੀ ਹੈ। ਜਿਸ ਦਾ ਆਰੰਭ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਪੰਨਾ 151 ਤੋਂ ਹੁੰਦਾ ਹੈ। ਗਉੜੀ ਦਾ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਅਤੇ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਇਸ ਕਰਕੇ ਵੀ ਹੈ ਕਿ ਇਸ ਵਿਚ ਰਾਗ ਗਉੜੀ ਦੇ ਸਭ ਤੋਂ ਜ਼ਿਆਦਾ ਪ੍ਰਕਾਰਾਂ ਦਾ ਪ੍ਰਯੋਗ ਕਰਕੇ ਇਸ ਰਾਗ ਨੂੰ ਪੂਰਨ ਵਿਸਥਾਰ ਦਿੱਤਾ ਗਿਆ ਹੈ।

ਰਾਗ ਗਉੜੀ ਨੂੰ ਸੰਗੀਤ ਜਗਤ ਵਿਚ ਗੋਰੀ, ਗੌੜੀ, ਗਵਰੀ, ਗਉਰੀ ਆਦਿ ਨਾਵਾਂ ਨਾਲ ਉਚਾਰਿਆ ਤੇ ਲਿਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਵਿਚ 'ਗਉੜੀ' ਜਾਂ

'ਗੌੜੀ' ਅਤੇ ਰਾਗ ਮਾਲਾ ਵਿਚ 'ਗਵਰੀ' ਸ਼ਬਦ ਜੋੜਾਂ ਨਾਲ ਦਰਸਾਇਆ ਗਿਆ ਹੈ। ਵਿਭਿੰਨ ਸ਼ਬਦ ਜੋੜਾਂ ਤੋਂ ਇਸ ਦੇ ਵੱਖੋ ਵੱਖਰੇ ਸੰਗੀਤ ਮੱਤਾਂ, ਸੰਪਰਦਾਵਾਂ, ਇਲਾਕਿਆਂ ਵਿਚ ਪ੍ਰਚਲਿਤ ਹੋਣ ਦੇ ਪ੍ਰਮਾਣ ਹਨ ਜਿਸ ਨੂੰ ਇਸ ਰਾਗ ਦੀ ਅਮੀਰੀ ਵਜੋਂ ਪਛਾਣਨਾ ਚਾਹੀਦਾ ਹੈ।

ਗਉੜੀ ਰਾਗ ਭਾਰਤੀ ਤੇ ਗੁਰਮਤਿ ਸੰਗੀਤ ਦੋਵੇਂ ਪੱਧਤੀਆਂ ਵਿਚ ਪ੍ਰਚਲਿਤ ਹੈ। ਗੁਰੂਕਾਲ ਦੇ ਸਮਕਾਲੀ ਗ੍ਰੰਥਾਂ ਵਿਚ ਵੀ ਇਸ ਦਾ ਉਲੇਖ ਮਿਲਦਾ ਹੈ। ਭਾਰਤੀ ਸੰਗੀਤ ਦੇ ਗ੍ਰੰਥ ਸੰਗੀਤ ਦਰਪਣੋ ਵਿਚ ਇਸ ਰਾਗ ਦਾ ਧਿਆਨੋ ਇਸ ਤਰ੍ਹਾਂ ਚਿਤਰਿਆ ਗਿਆ ਹੈ। ਜਿਸ ਦਾ ਰੰਗ ਸਾਂਵਲਾ ਹੈ, ਜਿਸ ਦੇ ਕੰਨਾਂ ਵਿਚ ਅੰਬ ਬੂਰ ਦੇ ਗਹਿਣੇ ਪਾਏ ਹਨ, ਕੋਇਲ ਦੇ ਨਾਦ ਵਾਗੂੰ ਜਿਸ ਦੇ ਗਲੇ ਵਿਚੋਂ ਰਸ ਟਪਕਦਾ ਹੈ, ਜਿਸ ਦਾ ਨਾਦ ਸੂਖਸ਼ਮ ਹੈ।

ਤੀਜੇ ਗੁਰੂਅਮਰਦਾਸ ਜੀ ਨੇ ਗਉੜੀ ਰਾਗ ਨੂੰ ਅਧਿਆਤਮ ਅਰਥਾਂ ਵਿਚ ਰੂਪਾਂਤਰਿਤ ਕੀਤਾ ਹੈ।

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥

ਭਾਣੈ ਚਲੈ ਸਤਿਗੁਰੂਕੈ ਐਸਾ ਸੀਗਾਰੁ ਕਰੇਇ॥

(ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ ੩੧੧)

ਗੁਰਬਾਣੀ ਦੇ ਇਸ ਰਾਗ ਧਿਆਨ ਤੇ ਗੁਰਮਤਿ ਪ੍ਰਸੰਗ ਵਿਚ ਅਸੀਂ ਵੀ ਇਸ ਰਾਗ ਦੀ ਇਕ ਰਾਗ ਪੇਟਿੰਗ ਸ. ਦੇਵਿੰਦਰ ਸਿੰਘ ਚੰਡੀਗੜ੍ਹ ਤੇ ਬਾਬਾ ਸੁੱਚਾ ਸਿੰਘ ਜੀ (ਜਵੱਦੀ) ਦੀ ਪ੍ਰੇਰਨਾ ਸਦਕਾ 1992 ਵਿਚ ਬਣਵਾਈ ਸੀ ਜਿਸ ਵਿਚ ਗੁਰੂਅਮਰਦਾਸ ਜੀ ਦਾ ਗਉੜੀ ਰਾਗ ਵਿਚ ਦਰਜ ਸਲੋਕ ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥ ਤੇ ਇਸ ਰਾਗ ਵਿਚ ਦਰਜ ਬਾਣੀ ਨੂੰ ਅਧਾਰ ਬਣਾਇਆ ਗਿਆ ਹੈ।

ਗਉੜੀ ਭਾਵੇਂ ਭਾਰਤੀ ਤੇ ਗੁਰਮਤਿ ਸੰਗੀਤ ਵਿਚ ਜਾਣਿਆ ਪਛਾਣਿਆ ਤੇ ਪ੍ਰਚਲਿਤ ਰਾਗ ਤਾਂ ਹੈ ਪਰੰਤੂ ਗਾਇਨ ਵਾਦਨ ਵਿਚ ਬਹੁਤ ਜ਼ਿਆਦਾ ਪ੍ਰਚਲਿਤ ਨਹੀਂ ਕਿਉਂਕਿ ਇਸ ਦੇ ਸੰਗੀਤ ਰੂਪ ਪ੍ਰਸਤੁਤ ਕਰਨ ਲਈ ਰਾਗਦਾਰੀ ਦੀ ਸੂਖਮ ਸੂਝ ਤੇ ਦੂਸਰੇ ਰਾਗਾਂ ਨਾਲੋਂ ਨਿਖੇੜਨ ਲਈ ਰਾਗ ਕਲਾ ਕੌਸ਼ਲ ਦੀ ਜ਼ਰੂਰਤ ਹੈ। ਗੁਰਮਤਿ ਸੰਗੀਤ ਵਿਚ ਵੀ ਭਾਵੇਂ ਇਸ ਰਾਗ ਦੇ ਪ੍ਰਕਾਰ ਇਕ ਤੋਂ ਵਧੀਕ ਪ੍ਰਚਾਰ ਵਿਚ ਹਨ ਪਰੰਤੂ ਫਿਰ ਵੀ ਕੀਰਤਨੀਏ ਇਸ ਨੂੰ ਸਪੱਸ਼ਟ ਤੇ ਨਿਖੇੜ ਕੇ ਗਾਉਣ ਤੋਂ ਗੁਰੇਜ਼ ਕਰਦਿਆਂ ਘੱਟ ਹੀ ਗਾਉਂਦੇ ਰਹੇ ਹਨ। ਫਿਰ ਵੀ ਸਾਡੇ ਰਾਗ ਸਰੋਤਾਂ ਵਿਚ ਇਸ ਰਾਗ ਦੇ ਵਿਆਖਿਆਕਾਰ ਤੇ ਪ੍ਰਸਤੁਤਕਾਰ ਹਨ।

ਗੁਰਮਤਿ ਸੰਗੀਤ ਵਿਚ ਰਾਗ ਗਉੜੀ ਦੇ ਕੁਝ ਰੂਪ ਉਪਲਬਧ ਹਨ, ਦੋ ਰੂਪ ਭੈਰਵ ਥਾਟ ਵਿਚ; ਦੋ ਪੂਰਵੀ ਥਾਟ ਵਿਚ; ਇਕ ਬਿਲਾਵਲ ਥਾਟ ਵਿਚ ਮਿਲ ਜਾਂਦਾ ਹੈ। ਇੱਥੇ ਇਹ ਸਪੱਸ਼ਟ ਕਰਨਾ ਉਚਿਤ ਹੋਵੇਗਾ ਕਿ ਅਸੀਂ ਇੱਥੇ ਗਉੜੀ ਦੇ ਹੀ ਰਾਗ ਸਰੂਪ ਦੀ ਵਿਚਾਰ ਚਰਚਾ ਕਰ ਰਹੇ ਹਾਂ।

ਇਨ੍ਹਾਂ ਰਾਗ ਪ੍ਰਕਾਰਾਂ ਦੇ ਅੰਤਰਗਤ ਮਹਲਾ ੧ ਤੋਂ ਮਹਲਾ ੯ ਤਕ ਪਦੇ, ਦੁਪਦੇ, ਚਉਪਦੇ ਬਾਣੀ

ਰਚਨਾਵਾਂ ਅੰਕਿਤ ਹਨ ਜਿਨ੍ਹਾਂ ਦਾ ਅੰਕਣ ਮਹਲਾ ੧ ਤੋਂ ਲੈ ਕੇ ਮਹਲਾ ੯ ਤੱਕ ਕ੍ਰਮਵਾਰ ਹੀ ਰਹਿੰਦਾ ਹੈ। ਇਸ ਉਪਰੰਤ ਅਸ਼ਟਪਦੀ ਤੇ ਫੇਰ ਵਿਸ਼ੇਸ਼ ਬਾਣੀ ਰਚਨਾਵਾਂ ਅੰਕਿਤ ਕੀਤੀਆਂ ਗਈਆਂ ਹਨ। ਰਾਗ ਗਉੜੀ ਦੇ ਅੰਤਰਗਤ ਮਹਲਾ ੧ ਦੇ ਪਦੇ, ਚਉਪਦੇ, ਅਸ਼ਟਪਦੀਆਂ, ਛੰਤ, ਮਹਲਾ ੩ ਦੇ ਪਦੇ, ਅਸ਼ਟਪਦੀਆਂ, ਛੰਤ, ਮਹਲਾ ੪ ਦੇ ਪਦੇ, ਕਰਹਲੇ, ਵਾਰ, ਮਹਲਾ ੫ ਦੇ ਪਦੇ, ਅਸ਼ਟਪਦੀਆਂ, ਛੰਤ, ਬਾਵਨ ਅਖਰੀ, ਸੁਖਮਨੀ, ਥਿਤੀ, ਵਾਰ, ਮਹਲਾ ੯ ਦੇ ਪਦੇ ਅਤੇ ਭਗਤ ਕਬੀਰ ਅਤੇ ਭਗਤ ਨਾਮਦੇਵ ਦੀਆਂ ਬਾਣੀ ਰਚਨਾਵਾਂ ਅੰਕਿਤ ਹਨ।

ਇਸ ਰਾਗ ਵਿਚ ਗੁਰਮਤਿ ਸੰਗੀਤ ਦੇ ਕੁਝ ਸੰਗੀਤ ਰਚਨਾਕਾਰਾਂ ਨੇ ਸ਼ਬਦ ਕੀਰਤਨ ਰਚਨਾਵਾਂ ਕੀਤੀਆਂ ਹਨ ਜਿਨ੍ਹਾਂ ਵਿਚ ਪ੍ਰੋਫ਼ੈਸਰ ਤਾਰਾ ਸਿੰਘ, ਗਿਆਨ ਸਿੰਘ ਐਬਟਾਬਾਦ, ਡਾ. ਗੁਰਨਾਮ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ ਆਦਿ ਦੇ ਨਾਮ ਵਿਸ਼ੇਸ਼ ਹਨ। ਗਾਇਨ ਪੱਖੋਂ ਵੇਖੀਏ ਤਾਂ ਇਸ ਰਾਗ ਵਿਚ ਭਾਈ ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਬਖਸ਼ੀਸ਼ ਸਿੰਘ, ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ, ਡਾ. ਗੁਰਨਾਮ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ.ਸੁਰਿੰਦਰ ਸਿੰਘ ਯੂ.ਕੇ., ਕੁਲਵੰਤ ਸਿੰਘ ਚੰਦਨ, ਪ੍ਰਿੰ. ਸੁਖਵੰਤ ਸਿੰਘ, ਬੀਬੀ ਮਨਜੀਤ ਕੌਰ, ਪ੍ਰੋ. ਹਰਚੰਦ ਸਿੰਘ, ਭਾਈ ਗੁਰਦੇਵ ਸਿੰਘ ਖਾਲਸਾ, ਭਾਈ ਗੁਰਦੇਵ ਸਿੰਘ ਬਟਾਲਾ ਆਦਿ ਦੀ ਰਿਕਾਰਡਿੰਗ ਉਪਲਬਧ ਹੈ।

ਕੀਰਤਨੀਏ ਵੀਰ ਗਉੜੀ ਨੂੰ ਬਹੁਤ ਘੱਟ ਗਾਉਂਦੇ ਹਨ। ਉਮੀਦ ਕਰਦੇ ਹਾਂ ਕਿ ਗੁਰੂ ਦੇ ਇਨ੍ਹਾਂ ਅਲੋਪ ਹੋ ਰਹੇ ਰਾਗਾਂ ਵਿਚ ਬਾਣੀ ਗਾ ਕੇ ਅਸੀਂ ਸ਼ਬਦ ਦਾ ਸਹੀ ਸੰਗੀਤਕ ਸੰਚਾਰ ਵੀ ਕਰਾਂਗੇ ਤੇ ਆਪਣੀ ਰਾਗ ਵਿਰਾਸਤ ਦੀ ਸੰਭਾਲ ਵੀ ਕਰ ਸਕਾਂਗੇ।

ਪ੍ਰੋਫੈਸਰ ਅਤੇ ਮੁਖੀ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# Musical Framework of Guru Granth Sahib

**Amardeep Singh**

Gurbani Kirtan today has been commercialized to such an extent that barring a few most singers are only concerned with making quick money. Their limitations to experiment within the prescribed vastness of Guru Grant Sahib is carmouflaged in the excuse that the Sangat does not prefer to listen to Kirtan in Raags as prescribed by the Gurus and thus it is easier to covey the message of Gurbani in catchy tunes. This shallow argument poses questions, like: 'What does Guru Grant Sahib, our Eternal Guru command us on the subject to Kirtan? What is the relation between shabad and Raag? Do we need the aid of experimental music to propagate the message of Guru Granth Sahib? Have our Kirtanias experimented with the vastness of Raags and Taals as prescribed by Gurus? What impact will experimentation have on the future generation of Sikhs?'

Hymns in Guru Granth Sahib are in poetical-metric forms; associated with them are Raags and ghars (beats/ Taals). Does this mean that Gurus have left no scope for experimentation with the music to accompany the Shabads? The indication of Raag and Ghar with every Shahad that Gurus had a definite motive behind fixing a framework. This framework was not set to limit the ability of human mind to experiment with music but to act as an aid in spiritual development. A simple mathemetical permutation and combination on notes of any Raag will indicate that each Raag offers thousands of tunes to experiment with.

**Complementary**

Poetry (the form in which Gurbani is written) and music (Raags) are two sides of the same coin. They are independent and yet complement each other. Music versifies and provides melody, uniformity and cadence to poetry. The factor that binds music and poetry is their metrical form (Ghar or beat). Music (Raag) is

based on sound (Swar- notes) and a combination of notes produces distinct musical effects. Poetry is determined by the 'Word' (Shabad) which communicates a message to the mind. Music (Raag) on the other hand conveys a feeling to the heart and is therefore universal. Spirituality, after all, is striking the right balance between mind and heart. Therefore, when the poetic Gurbani is complemented with Raag (music) and bound by Ghar the resulting effect on mind and heart can become a catalyst for spiritual tranformation. The Raag conveys a feeling and shabad a message. Every Raag is capable of touching the heart with feelings like joy, sorrow, detachment etc. Upon studying the structure of Guru Granth Sahib, it can be seen that Shabads relating to common themes are generally placed under each Raag. When the broad themes of Shabads are overlaid with feelings conveyed by these Raags, there emerges a reason behind grouping of Shabads under a broad classification of thirty one ragas.

**Common Themes of Shabads placed under the Ragas of Guru Granth Sahib**

1. Soohi- Being away from home. The sould being away from the house of Lord and the joy of meeting the True 'Husband'.
2. Billaval - beautification of soul, happiness.
3. Gaund - Separation, union, suprise.
4. Sri - Maya and detachment.
5. Maajh - yearning to merge with the Lord, giving up of negative values.
6. Gauri - Principals, serious, thoughtfulness, composed
7. Aasa- Hope
8. Gujri (Prayer (Pooja)
9. Devgandhari - Merging with spouce, self realization.
10. Bihaagra - Yearning due to separation of soul and happiness due to meeting the Lord.
11. Sorath - Merits of God
12. Dhanasari - Mixed Theme.
13. Jaitsree - Stability
14. Todi - Maya, separation.

15. Bairarhi - Motivation to sing praises of Lord.
16. Tilang - many words from the vocabulary of Islamic origin are used sadness, beautification.
17. Raamkali - to give up the life of wandering Yogi.
18. Nat Narayan - Joy of meeting the Lord
19. Maali Gaura - Happiness.
20. Marru - Bravery, profound philosophy
21. Tukhari - Separation and union with the Lord.
22. Kedara - Love
23. Bhairav - Man's State of Hell.
24. Basant - Happiness
25. Sarang - Thirst to meet God.
26. Malaar - State of separated and united sould.
27. Jaijawanti - Vairaag (Detachment)
28. Kalyan - Bhati (Prayer Ras
29. Vadhans - Vairaag (Detachment)
30. Prabhati - Bhakti (Prayer)
31. Kaanra - Bhakti (Prayer)

**Feeling communicated by the music of Raags :**

1. Soohi - joy and separation.
2. Bilaaval - happiness
3. Gaund - strangeness, surprise, beauty.
4. Sri - Satisfaction and balance.
5. Maajh - sepeation, beautification.
6. Gauri - seriousness
7. Aasa - making effort
8. Gujri - satisfaction, softness of heart, sadness.
9. Degandhari - no specific feeling but the Raag has a softness

10. Bihaagra - beautification.
11. Sorath - motivation
12. Dhanasari - inspiration, motivation
13. Jaitsree - softness, satisfaction, sadness.
14. Todi - this being a flexible Raag. It is apt for communicating many feelings.
15. Bhiraavi - sadness, (Gurus have, however, used it for the message of Bhatkti)
16. Tilang - this is a favorite Raag of Sufi Muslims. It denotes feeling of beautification and yearning.
17. Raamkali - Calmness
18. Nat Narayan - happiness
19. Maali Gaura - happiness
20. Maaru - giving up of cowardice.
21. Tukhari - beatification.
22. Kedara - love and beautification.
23. Bhairav - seriousness, beings stabitlity of mind.
24. Basant - happiness
25. Sarang - sadness
26. Malaar - sepration.
27. Jaijawanti - Victory (Detachment indicates a victory of spiritual plane)
28. Kalyaan - Bhakti Ras
29. Vadhans - Vairaag, loss (that is why Alahniya is sung in this Raag when someone passes away)
30. Prabhati - Bhakti and seriousness.
31. Kaanra - Bhakri and seriousness.

Its clear that the Gurus used Ragas to increase the delivery power of Shabad to our mind by invoking complementary feelings in our hearts through usage of the prescribed Raags.

Another interesting aspect of Raag and Gurbani classification is understood

by studying daily time-cycles. A Raag has a preferred timing associated with it. There are some morning Raags, evening Raags, afternoon Raags, etc. The timings of Raags also complement the changes in human moods and heart during a twenty-four hour time cycle.

Upon classification of thirty one main Raags used in Guru Granth Sahib based on the prescribed Raag timings, we find that no Raags fall under the time zone 12am - 3am. It is interesting that the Gurus chose not to use any Raag with a time cycle of 12am - 3am because one would normally sleep between these hours.

**Timings of Raags**

| | | |
|---|---|---|
| 6 am - 9am | : | Bairarhi, Devgandhari |
| 9 am - 12 pm | : | Saarang, Suhi, Billaval, Gujri, Gond, Todi. |
| 12 pm - 3 pm | : | Vadhans, Maru, Dhansari |
| 3 pm - 6 pm | : | Maanjh, Gauri, Tilang, Tukhari |
| 6 pm - 9 pm | : | Sri, Basant, Malli Gaura, Jaistree, Kedara Kalyaan |
| 9 am - 12 pm | : | Bihaagra, nat Narayan, Sorath, Malaar, Kaanra, Jaijawanti |
| 12 am - 3pm | : | No Raags from Guru Granth Sahib |
| 3 am - 6 am | : | Aasa, Raamkali, Bhairav, Parbhati |

Some Raags also have seasons associated with them as seasons also denote feelings.

**Seasonality of Raags**

1. Basant Raag can be sung at any time in Basant season Shabads with the them of happiness are clustered under this Raag in Guru Granth Sahib.

2. Malaar Raag can be sung at any time in the rainy season shabads with the theme of separation are clustered under the raag in Guru Granth Sahib.

The Gurus have also indicated the beats associated with the poetry of every Shabad. In Guru Granth Sahib, seventeen Ghars (taal-beat) are mentioned. These seventeen Ghars denote the following beats :

Ghar 1 : Dadra Taal (There are 1 Taalis and the Beat has 6 Maatraas)

Ghar 2 : Rupak Taal (There are 2 Taalis and the Beat has 7 Maatraas)

Ghar 3 : Teen Taal (There are 3 Taalis and the Beat has 16 Maatraas)

Ghar 4 : Chaar Taal (There are 4 Taalis and the Beat has 12 Maatraas)

Ghar 5 : Punj Taal (There are 5 Taalis and the Beat has 15 Maatraas)

Ghar 6 : Khut Taal (There are 6 Taalis and the Beat has 18 Maatraas)

Ghar 7 : Mut Taal (There are 7 Taalis and the Beat has 21 Maatraas)

Ghar 8 : Asht Mangal (There are 8 Taalis and the Beat has 22 Maatraas)

Ghar 9 : Mohini Taal (There are 9 Taalis and the Beat has 23 Maatraas)

Ghar 10: Braham Taal (There are 10 Taalis and the Beat has 28 Maatraas)

Ghar 11 : Rudra Taal (There are 11 Taalis and the Beat has 32 Maatraas)

Ghar 12 : Vishnu Taal (There are 12 Taalis and the Beat has 36 Maatraas)

Ghar 13 : Muchkund Taal (There are 13 Taalis and the Beat has 34 Maatraas)

Ghar 14 : Mahashanti Taal (There are 14 Taalis and the Beat has 42 Maatraas)

Ghar 15 : Mishr Baran Taal (There are 15 Taalis and the Beat has 47 Maatraas)

Ghar 16 : Kul Taal (There are 16 Taalis and the Beat has 42 Maatraas)

Ghar 17 : Charchari Taal (There are 17 Taalis and the Beat has 40 Maatraas)

Within the rules of Indian classical music, uncountable Raags can be created. In fact, any formof music (non Indian and non classical) can be classified under some form of Raag. Hence, it is a misconception that Raags are something highly classical and beyond the realm of the common man's understanding. In fact, any form of music can be classified into a Raag. But in Guru Granth Sahib, the Gurus have gone into depths of poetry, music and metrical forms to lay the framwork that is best suited to convey the feeling and message of the Shabad simultaneously to the human and mind and heart.

When each of the prescribed Raags offers uncountable permutations and combinations of musical compositions. then why is it that modern Kirtanias are not expermenting within the prescribed frmework of the Gurus?

Are they camouflaging their limitation in the excuse that sangat prefers only catchy tunes?

Gurbani Says:

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥ (1423)

Sabhnaa Ragga (n) Vich (i) so bhalla bhaaee Jit (u) vasiaa man (i) aa-e.

(Among all the Raags, that one is sublime, O Siblings of Destiny, by which God comes to abide in the mind.

Clearly, only that Raag is prescribed by which a feeling of spiritually is aroused.

The Gurus have not prescribed catchy musical tunes that may dominate the Shabad. The essence of Kirtan lies in effective delivery of the inherent message of the Shabad, using Raag and Taal as a medium.

The medium must not dominate the essence.

This is where our modern day Kirtanias are making he mistake of experimenting beyond the prescribed framework of Guru Granth Sahib and singing Shabads in catchy tunes. In the end, it's the tune that remains in the mind and not the message.

Music is twice blessed, yet one must guard against misuse of its inherent power. For, while it can be effectively used for constructive Kirtan by operating within the prescribed framework of Guru Granth Sahib, on the other hand, it can also be used for arousing destructive feelings by use of catchy tunes (as explained earlier, any form of music can be classified into a Raag)

It is interesting to note that the main object that he caused the current day deterioration in quality of Kirtan is the most widely used musical instrument called 'harmonium'. But harmonium is not an Indian instrument. Over one hundred years ago, European brought the 'harmonica' to India. The air box of this develop a new instrument that was named harmonium. This instrument is least suited for Indian classical music.

According to Indian classical music, the human ear can recognize twenty-two musical notes in an octave. The harmonium only offers twelve discrete keys in an octave. Only in an octave, by pressing the string at midpoints. It is for this reason that earlier Indian music was always played with the accompaniment of only string instruments. In fact, if one sees the old pictures of Harmandir Sahib, one only finds string instruments being used by the Kirtanias.

**Instruments**

Although the harmonium offered a compromise to Indian classical music and

should never have been used in the Indian system, it gained rapid acceptance because it was very easy to learn and use. Learning a string instrument requires close to four to five years professional training but the harmonium can be learnt in less than two months.

This was a great blessing to aspiring Sikhs, who also wanted to be able to perform Kirtan. While there is no harm in using a harmonium and we must also accept its contribution in making it easier for the masses to learn Kirtan, thereby helping them start their spiritual journey. However, it also caused the biggest deterioration in the tradition of Kirtan Singing.

The professional Kirtanias were now finding it hard to keep pace with the rapid generation of new breed of amateur Kirtanias, who did not go through the years of rigorous training, using the string instruments. Materialistic desires lead them to shorten their classical training period by quickly moving to the harmonium. Over generations, this trend lead to complete elimination of string instruments from the gurudwara Lack of dedication that crept in because of the ability to learn Kirtan in just two months also led Kirtanias to soon start performing Kirtan in catchy firmly tunes.

Agruably, our modern, day Kirtnias should be given a one hundred percent score for having the ability to experiment with music. But unfortunately, this expermentation with catchy tunes is causing more harm than good to Kirtan tradition as they have stopped experimenting within the prescribed framework of Guru Granth Sahib.

An instrument that was supposed to attract Sikhs to Gurbani has now become the very reason for the downfall in present day standard of Kirtan. It would have been fine for the harmonium to be adopted, but not at the expense of compromising on string instruments. The harmonium should have acted as a steping-stone for budding Sikh Kirtanias to quickly acquire musical sense and move forward to experimenting within the prescribed framework of Guru Granth Sahib. Instead they have chosen the short-cut.

The reason for citing the above example is to show the long term pitfalls associated with un-checked experimentation. Modern day experimentalist Kirtanias need to be cautious and introspect. The first question that needs to be answered is :

What is attracting the youth to this new style of Kirtan?

In all probability, it is the music that is attracting them because Kirtan is being sun in a modern day, highly dramatized form.

**Haunting**

I have heard a Shabad: Mittar Pyarae Noon...in which thunder, lightening and sounds of wild animals complement the Shabad to project the scene of the Maacchiwara jungle. The only reason one would get attracted to such style of Kirtan is because of music. Like any MTV Top of the Charts, such music can't last long in the minds of the youth nor can be message get effectively delivered to their mind.

On the other hand, may be the youth is getting attracted to this style of Kirtan because effectively English/local language translations are being provided. If that is the case, then the translations can also be provided while performing Kirtan in the prescribed framework of Guru Granth Sahib. After all, there are thousands of tunes that can be created from each of the prescribed Raags and these tunes need not be highly classical in order to cater to popular tastes of the youth. Even the Gurus did not allow the dominance of classical music over the shabads.

Our Gurus support forwardness, but where should we draw the line.

Who knows, next there could be an experiment with Jaap Sahib being sung in the Rap style! Will Jaap Sahib in Rap style lead to feelings of spirituality?

The future of Kirtan lies in the hands of present day Kirtanias. They definitely need to look at ways of improving and attracting the youth but not at the cost of further deterioration of Kirtan. Our Kirtanias should first make the effort to acquire full knowledge of the musical framework of Guru Granth Sahib and then adapt from within it, to attract the youth - not on a short-term basis but on a long-term basis. I believe that if our Kirtanias make an earnest efforts to implement the commands of Guru Granth Sahib in their singing style, then the 'pied pipers' of pop music will not need to walk the streets to attract the youth, they will automatically get attracted to the Gurdwara.

***Courtesy : Eternal Voice, November 2013 - January 2014***

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਗੁਰੂ ਅਤੇ ਰਾਗ, ਸਿੱਖ ਅਤੇ ਨਿਯਮ

ਕਰਮ ਸਿੰਘ ਰਤਨ

(ਗੁਰੂ) ਗੁ. ਅਰਥਾਤ ਅੰਧੇਰਾ (ਅੰਧਕਾਰ) ਅਤੇ ਰੂ-ਅਰਥਾਤ ਚਾਨਣਾ। ਇਸ ਧਰਤੀ ਤੇ ਅਗਿਆਨਤਾ ਦਾ ਅੰਧੇਰਾ ਬਹੁਤ ਤਕੜਾ ਛਾਇਆ ਹੋਇਆ ਸੀ ਅਤੇ ਕੁਝ ਸਾਡੇ ਵੱਡਿਆਂ ਲੋਕਾਂ ਨੇ ਅਤੇ ਵੱਡੇ ਵੱਡੇ ਰਾਜਿਆਂ, ਸਮਾਜ ਦੇ ਆਗੂਆਂ ਨੇ, ਬੇ ਸਮਝ ਬ੍ਰਾਹਮਣਾਂ ਅਤੇ ਪੰਡਿਤਾਂ ਨੇ, ਕਾਜ਼ੀਆਂ ਤੇ ਮੁਲਾਣਿਆਂ ਨੇ, ਅਗਿਆਨਤਾ ਦਾ ਪ੍ਰਚਾਰ ਕੀਤਾ। ਸਾਰੀ ਮਨੁੱਖਤਾ ਗਿਆਨ ਤੋਂ ਅੰਨ੍ਹਿਆਂ ਦੇ ਵਸ ਪਈ ਹੋਈ ਸੀ। ਭਾਈ ਗੁਰਦਾਸ ਜੀ ਗਵਾਹੀ ਭਰਦੇ ਹਨ (ਬਾਝੁ ਗੁਰੂ ਡੁਬਾ ਜਗ ਸਾਰਾ) ਅਤੇ ਭਾਈ ਸਾਹਿਬ ਜੀ ਉਸ ਸਮੇਂ ਦੇ ਹਾਲਾਤ ਲਿਖਦੇ ਹਨ ਕਿ ਸੰਸਾਰ ਤੇ ਮਨੁੱਖਤਾ ਦੀ ਹਾਲਤ ਇਹ ਸੀ (ਕਲਿ ਆਈ ਕੁੱਤੇ ਮੁਹੀ, ਖਾਜੁ ਹੋਇਆ, ਮੁਰਦਾਰ ਗੁਸਾਂਈ। ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ। ਪਰਜਾ ਅੰਧੀ ਗਿਆਨ ਬਿਨੁ, ਕੂੜੁ ਕੁਸਤਿ ਮੁਖਹੁ ਆਲਾਈ। ਚੇਲੇ ਸਾਜ ਵਜਾਇੰਦੇ, ਨਚਣਿ ਗੁਰੂ ਬਹੁਤੁ ਬਿਧਿ ਭਾਈ॥ ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ॥ ਕਾਜ਼ੀ ਹੋਏ ਰਿਸ਼ਵਤੀ, ਵਢੀ ਲੈ ਕੇ ਹੱਕ ਗਵਾਈ॥ ਇਸਤ੍ਰੀ ਪੁਰਖੈ ਦਾਮ ਹਿਤੁ, ਭਾਵੈ ਆਇ ਕਿਥਾਊ ਜਾਈ॥ ਵਰਤਿਆ ਪਾਪ ਸਭਸ ਜਗ ਮਾਂਹੀ (3011 ਵਾਰ 1)

ਸਾਰੀ ਮਨੁੱਖਤਾ ਅਗਿਆਨਤਾ ਦੇ ਅੰਧੇਰੇ ਕਾਰਨ ਦੁਖੀ ਸੀ। ਧਰਤੀ ਦੀ ਦੁਖੀ ਮਨੁੱਖਤਾ ਨੇ ਪ੍ਰਮਾਤਮਾ ਅੱਗੇ ਅਰਦਾਸ ਜੋਦੜੀ ਕੀਤੀ ਕਿ (ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੇ, ਤਿਤੈ ਲੈਹੁ ਉਬਾਰਿ॥ (ਮ: 3 ਪੰਨਾ 853) ਮਨੁੱਖਤਾ ਨੇ ਪ੍ਰਮਾਤਮਾ ਅੱਗੇ ਬੇਨਤੀ ਕੀਤੀ (ਸੁਨਹੁ ਬਿਨੰਤੀ ਠਾਕੁਰ ਮੇਰੇ, ਜੀਅ ਜੰਤ ਤੇਰੇ ਧਾਰੇ। ਰਾਖੁ ਪੈਜ ਅਪੁਨੇ ਕੀ, ਕਰਨ ਕਰਾਵਨ ਹਾਰੇ॥੧॥ ਪ੍ਰਭੁ ਜੀਉ ਖਸਮਾਨਾ ਕਰਿ ਪਿਆਰੇ। ਬੁਰੇ ਭਲੇ ਹਮ ਥਾਰੇ (ਸੋਰਠ ਮ: 3, ਪੰਨਾ 631)। ਈਸ਼ਵਰ ਨੇ ਜੀਆਂ ਦੀ ਪੁਕਾਰ ਸੁਣ ਲਈ (ਸੁਣੀ ਪੁਕਾਰ ਸਮਰਥ ਸੁਆਮੀ, ਬੰਧਨ ਕਾਟਿ ਸਵਾਰੇ) ਅਤੇ (ਸੁਣੀ ਪੁਕਾਰਿ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਾਹਿ ਪਠਾਇਆ॥ ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤੁ ਸਿਖਾਂ ਪੀਲਾਇਆ॥ਕਲਿਜੁਗ ਬਾਰੇ ਤਾਰਿਆ, ਸਤਿਨਾਮੁ ਪੜਿ ਮੰਤ੍ਰ ਸੁਣਾਇਆ। ਕਲਿ ਤਾਰਣ ਗੁਰ ਨਾਨਕ ਆਇਆ।੨੩। ਵਾਰ 11 ਭਾ. ਗੁਰਦਾਸ ਜੀ) ਪ੍ਰਮੇਸ਼ਰ ਆਪ ਗੁਰੂ ਨਾਨਕ ਦਾ ਰੂਪ ਧਾਰ ਕੇ ਧਰਤੀ ਤੇ ਆ ਗਿਆ (ਆਪਿ ਨਰਾਇਣੁ ਕਲਾਧਾਰਿ, ਜਗ ਮਹਿ ਪਰਵਰਿਯਉ) (ਪੰਨਾ 1325) ਕਿਉਂਕਿ ਧਰਤੀ ਤੇ ਅਗਿਆਨਤਾ ਰੂਪੀ ਅੰਧੇਰਾ ਛਾਇਆ ਹੋਇਆ ਸੀ। ਐਸੇ ਸਮੇਂ ਗਿਆਨ ਰੂਪ ਚਾਨਣ ਦੀ ਲੋੜ ਸੀ ਤੇ ਨਾਨਕ ਦੇਵ ਜੀ ਗੁਰੂ ਦਾ ਰੂਪ ਧਾਰ ਕੇ ਜਗਤ ਨੂੰ ਚਾਨਣ ਵੰਡਣ ਆ ਗਏ। ਇਸੇ ਲਈ ਭਾਈ

ਗੁਰਦਾਸ ਜੀ ਨੇ ਵਾਰ ਗਾਈ: ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਜਾਨਣ ਹੋਆ। ਜਿਉਂ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ (ਪਾ: 27 ਵਾਰ 1) ਸੋ ਗੁਰੂ ਨਾਨਕ ਗੁਰੂ ਬਣ ਕੇ ਜਗਤ ਨੂੰ ਚਾਨਣ (ਗਿਆਨ) ਵੰਡਣ ਆ ਗਏ। ਗੁਰੂ ਨਾਨਕ ਆਪ ਪਰਮੇਸ਼ਰ ਸੀ ਅਤੇ ਪਰਮੇਸ਼ਰ ਦੀ ਆਵਾਜ਼ ਸੰਗੀਤਮਈ ਹੈ। ਜਿਸ ਤਰ੍ਹਾਂ ਸੰਗੀਤ ਕਾਰ ਬੈਜੂ ਬਾਵਰਾ ਜੀ ਨੇ ਇਕ ਪੰਗਤੀ ਕਹੀ ਹੈ: ਪ੍ਰਿਥਮੈ ਆਦਿ ਨਾਦ ਸ਼ਿਵ ਸ਼ਕਤੀ ਪਰਮੇਸ਼ਰ) ਅਰਥਾਤ ਨਾਦ ਆਵਾਜ਼ ਹੀ ਪਰਮੇਸ਼ਰ ਹੈ, ਸੁਰ ਹੀ ਪਰਮੇਸ਼ਰ ਹੈ, ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਜਾਪ ਸਾਹਿਬ ਬਾਣੀ ਵਿਚ ਫੁਰਮਾਨ ਕਰਦੇ ਹਨ (ਨਮੋ ਰੋਗ ਹਰਤਾ, ਨਮੋ ਰਾਗ ਰੂਪੇ) ਅਰਥਾਤ ਮੈਂ ਉਸ ਨੂੰ ਨਮਸਕਾਰ ਕਰਦਾ ਹਾਂ, ਜੋ ਪ੍ਰਮੇਸ਼ਰ ਰੋਗਾਂ ਦਾ ਹਰਤਾ ਹੈ, ਜੋ ਰੋਗਾਂ ਨੂੰ ਦੂਰ ਕਰ ਦੇਂਦਾ ਹੈ। ਮੈਂ ਉਸ ਨੂੰ ਵੀ ਨਮਸਕਾਰ ਕਰਦਾ ਹਾਂ, ਜੋ ਰਾਗ ਦਾ ਵੀ ਰੂਪ ਹੈ। ਜੋ ਸੁਰ ਦਾ ਰੂਪ ਹੈ। ਗੁਰੂ ਅਰਜਨ ਦੇਵ ਜੀ ਲਿਖਦੇ ਹਨ: ਤੂੰ ਪ੍ਰੀਤਮ ਭਾਨੀ, ਤੁਹੀ ਸਿਰ ਗਿਆਨਿ (ਆਸਾ ਮ: 5, ਪੰਨਾ 384) ਅਰਥਾਤ ਉਹੀ ਇਸਤਰੀਆਂ ਪ੍ਰੀਤਮ ਵਾਹਿਗੁਰੂ ਨੂੰ (ਭਾਉਂਦੀਆਂ) ਚੰਗੀਆਂ ਲਗਦੀਆਂ ਹਨ ਜਿਹਨਾਂ ਨੂੰ ਸਵਰ ਰੂਪੀ ਆਵਾਜ਼ (ਨਾਦ) ਭਗਵਾਨ ਦਾ ਗਿਆਨ ਹੈ। ਰਾਗ ਦੀ ਸੁਰ ਵਜਣ (ਛਿੜਣ) ਨਾਲ ਹੀ ਉਹ ਮਨੁੱਖ ਅਨੰਦ ਦੇ ਘਰ ਵਿਚ ਆ ਜਾਂਦੇ ਹਨ। ਨਾਦ ਬਿਨੋਦ ਸੰਗੀਤ ਗ੍ਰੰਥ ਵਿਚ ਇਕ ਪੰਗਤੀ ਹੈ (ਸੋ ਹੈ ਵਡਭਾਗੀ, ਬਸਹੇਂ ਰਾਗ ਕੇ ਸੁਹਾਗੀ, ਜੋ ਨਰ ਰਾਗ ਸੋ ਨਾ ਰਾਜ਼ੀ, ਸੋ ਅਭਾਗੀ ਹੈਂ ਜਹਾਨ ਮੇਂ) ਅਰਥਾਤ ਉਹ ਵੱਡੇ ਭਾਗਾਂ ਵਾਲੇ ਲੋਕ ਹਨ, ਜਿਹਨਾਂ ਨੂੰ ਰਾਗ ਰੂਪੀ ਸਵਰ ਪਰਮੇਸ਼ਰ ਨਾਲ ਪਿਆਰ ਹੈ ਅਤੇ ਜੋ ਲੋਕ ਰਾਗ ਸੁਣ ਕੇ ਰਾਜ਼ੀ ਨਹੀਂ ਹੁੰਦੇ, ਉਹ ਲੋਕ ਮੰਦੇ ਭਾਗਾਂ ਵਾਲੇ ਹਨ, ਯਾਨੀ ਉਹਨਾਂ ਦੀ ਕਿਸਮਤ ਚੰਗੀ ਨਹੀਂ।

ਪਰਮਾਤਮਾ ਈਸ਼ਵਰ ਦੀ ਹੋਂਦ ਦਾ ਪ੍ਰਚਾਰ ਕਰਨ ਲਈ, ਗੁਰੂ ਨਾਨਕ ਦੇਵ ਜੀ ਨੇ ਆਪ ਗਾਇਆ, ਕਿਉਂਕਿ ਪਰਮੇਸ਼ਰ ਨੇ ਆਪਣੀ ਆਵਾਜ਼ ਮਨੁੱਖਤਾ ਨੂੰ ਸੁਨਾਉਣ ਲਈ ਇਹ ਸੰਗੀਤ ਮਈ ਆਵਾਜ਼ ਸੁਨਾਉਣ ਲਈ, ਗੁਰੂ ਨਾਨਕ ਦੇ ਸਰੀਰ ਦੇ ਮਿੱਠੇ ਗਲੇ ਦੀ ਵਰਤੋਂ ਕਰ ਲਈ। ਕਿਉਂਕਿ ਪ੍ਰਮੇਸ਼ਰ ਪਵਿੱਤਰ ਹੈ ਅਤੇ ਪਰਮੇਸ਼ਰ ਨੂੰ ਬੈਠਣ ਲਈ ਪਵਿੱਤਰ ਸਰੀਰ ਅਤੇ ਪਵਿੱਤਰ ਹਿਰਦਾ ਚਾਹੀਦਾ ਹੈ। ਗੁਰੂ ਨਾਨਕ ਦੇ ਸਰੀਰ ਅਤੇ ਹਿਰਦੇ ਤੋਂ ਜ਼ਿਆਦਾ ਪਵਿੱਤਰ ਹਿਰਦਾ ਹੋਰ ਕਿਸ ਦਾ ਹੋ ਸਕਦਾ ਹੈ। ਜਿੱਥੇ ਪਰਮੇਸ਼ਰ ਆਪ ਆ ਕੇ ਨਿਵਾਸ ਕਰਦਾ। ਸੋ ਗੁਰੂ ਨਾਨਕ ਦੇਵ ਜੀ ਦੇ ਸਰੀਰ ਅਤੇ ਪਵਿੱਤਰ ਹਿਰਦੇ ਵਿਚ ਬੈਠ ਕੇ ਪਰਮੇਸ਼ਰ ਆਪ ਬੋਲਿਆ। ਇਸ ਗੱਲ ਦੀ ਗਵਾਹੀ ਸਤਿਗੁਰ ਨੇ ਆਪ ਦਿੱਤੀ ਹੈ: ਹਉ ਆਪਹੁ ਬੋਲਿ ਨ ਜਾਣਦਾ, ਮੈਂ ਕਹਿਆ ਸਭੁ ਹੁਕਮਾਉ ਜੀਉ (ਮ: 5 ਪੰਨਾ 763) ਅਤੇ ਜਿਉ ਬੋਲਾਵਹਿ ਤਿਉ ਬੋਲਹ ਸੁਆਮੀ, ਕੁਦਰਤਿ ਕਵਨ ਹਮਾਰੀ (ਗੁਜਰੀ ਮ:4, ਪੰਨਾ 508) ਤਥਾ ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ (ਮ: 4, ਪੰਨਾ 628) ਅਤੇ ਜੈਸੀ ਮੈ ਆਵੈ ਖਸਮ ਦੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ (ਮ: 1 ਪੰਨਾ 722) ਸੋ ਪਰਮੇਸ਼ਰ ਦੀ ਆਵਾਜ਼ ਜਦੋਂ ਰਾਗ ਰੂਪ ਹੋ ਕੇ ਗੁਰੂ ਨਾਨਕ ਜੀ ਦੀ ਰਸਨਾ ਤੋਂ ਬਾਣੀ ਰੂਪ ਹੋ ਕੇ ਗੂੰਜੀ ਅਤੇ ਗੁਰੂ ਨਾਨਕ ਜੀ ਦੀ ਰਸਨਾ ਤੋਂ ਬਾਣੀ ਰੂਪ ਹੋ ਕੇ ਗੂੰਜੀ ਅਤੇ ਗੁਰੂ ਨਾਨਕ ਜੀ ਦੀ ਰਸਨਾ ਦੀ ਵਰਤੋਂ ਕਰ ਕੇ ਪਰਮੇਸ਼ਰ ਆਪ ਬੋਲਿਆ। ਜਿੱਥੇ ਜਿੱਥੇ ਇਹ ਆਵਾਜ਼ ਪਹੁੰਚੀ, ਉਥੇ ਉਥੇ ਸੰਸਾਰ ਦੀ ਸਾਰੀ ਫ਼ਿਜ਼ਾ ਸੰਗੀਤਮਈ ਹੋ ਗਈ। ਸੰਗੀਤ ਦੇ ਸੁਰਾਂ ਦੀ ਮਹਿਕ ਸਾਰੀ ਸ੍ਰਿਸ਼ਟੀ ਵਿਚ, ਸਾਰੀ ਕਾਇਨਾਤ ਵਿਚ ਅਤੇ ਸਾਰੀ ਬਨਸਪਤੀ ਵਿਚ ਫੈਲ ਗਈ। ਹਰ ਜੀਅ ਜੰਤ ਦੇ

ਹਿਰਦੇ ਤੇ ਪਿਆਰ ਦੀ ਮਹਿਕ ਛਾ ਗਈ। ਜਦੋਂ ਭਾਈ ਮਰਦਾਨੇ ਦੀ ਰਬਾਬ ਤੇ ਸੰਗੀਤਮਈ ਸੁਰਾਂ ਛਿੜਦੀਆਂ ਸਨ, ਗੁਰੂ ਨਾਨਕ ਜੀ ਦੀ ਆਵਾਜ਼ ਤੋਂ ਰਾਗ ਮਈ ਬਾਣੀ ਨਿਕਲਦੀ ਸੀ। ਸਾਰਾ ਵਾਤਾਵਰਣ ਹੀ ਸੁਹਾਵਣਾ ਹੋ ਜਾਂਦਾ ਹੈ। ਧਰਤੀ ਦੇ ਸਾਰੇ ਜੀਅ, ਖਤਰਨਾਕ ਤੋਂ ਖਤਰਨਾਕ ਜਾਨਵਰ ਅਤੇ ਹਰ ਕਿਸਮ ਦੇ ਜਾਨਵਰ ਅਤੇ ਧਰਤੀ ਤੇ ਚਉਰਾਸੀ ਲੱਖ ਜੂਨ 'ਅੰਡਜ, ਜੇਰਜ, ਸੇਤਜ, ਉਤਭੁਜ, ਚਾਰੇ ਕਿਸਮਾਂ ਦੇ ਜੀਵਾਂ ਤੇ ਸੰਗੀਤ ਦਾ ਅਸਰ ਜਾਂਦਾ ਸੀ। ਸਾਰੇ ਜੀਅ ਜੰਤ ਸੰਗਤ ਰੂਪ ਵਿਚ, ਗੁਰੂ ਨਾਨਕ ਦੇ ਦਰਸ਼ਨ ਕਰ ਕੇ, ਕੀਰਤਨ ਸੁਣ ਕੇ ਮਸਤ ਹੋ ਜਾਂਦੇ ਸਨ। ਗੁਰੂ ਨਾਨਕ ਜੀ ਦੀ ਮਿੱਠੀ ਆਵਾਜ਼ ਤੋਂ ਇਹ ਰਸ ਭਰਿਆ ਕੀਰਤਨ ਸੰਗੀਤ ਸੁਣ ਕੇ; ਠੱਗ ਸੱਜਣ ਬਣ ਗਿਆ ਅਤੇ ਕੌਡਾ ਰਾਕਸ਼ ਤੋਂ ਦੇਵਤਾ ਬਣ ਗਿਆ। ਬਲਿਹਾਰੀ ਗੁਰ ਆਪਣੇ, ਦਿਉਹਾੜੀ ਸਦ ਵਾਰ। ਜਿਨਿ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ॥1॥ਮ: 1 ਪੰਨਾ 462 ਅਤੇ ਗੁਰੂ ਨਾਨਕ ਦੀ ਰਸਨਾ ਤੋਂ ਕੀਰਤਨ ਸੁਣ ਕੇ (ਬਾਬਰ ਦੀ ਚੱਕੀ ਆਪੇ ਹੀ ਚੱਲਣ ਲੱਗ ਪਈ ਤੇ ਬਾਬਰ ਬਾਦਸ਼ਾਹ ਗੁਰੂ ਨਾਨਕ ਦੇ ਚਰਨਾਂ ਦੇ ਢਹਿ ਪਿਆ। ਇਸ ਸੰਗੀਤਮਈ ਰਸ ਨੇ ਰੇਠੇ ਵੀ ਮਿੱਠੇ ਕਰ ਦਿੱਤੇ, ਜੋ ਅੱਜ ਤੱਕ ਵੀ ਮਿੱਠੇ ਹਨ। ਇਸ ਸੰਗੀਤਮਈ ਰਸ ਨਾਲ ਪੱਥਰ ਵੀ ਮੋਮ ਹੋ ਗਏ। ਪੱਥਰਾਂ ਨੇ ਗੁਰੂ ਨਾਨਕ ਦੇ ਨਿਸ਼ਾਨ ਆਪਣੀ ਹਿੱਕ ਤੇ ਸਾਂਭ ਲਏ। ਹਜ਼ਰਤ ਮੁਹੰਮਦ ਸਾਹਿਬ ਜੀ ਦਾ ਮੱਕਾ (ਕਾਬਾ) ਗੁਰੂ ਨਾਨਕ ਜੀ ਦਾ ਦੀਵਾਨਾ ਹੋ ਗਿਆ, ਤੇ ਜਿੱਧਰ ਗੁਰੂ ਨਾਨਕ ਜੀ ਦੇ ਚਰਨ ਜਾਂਦੇ ਸਨ, ਉਧਰ ਹੀ ਮੱਕਾ ਕਾਬਾ ਘੁਮ ਜਾਂਦਾ ਸੀ। ਰੱਬ ਰੂਪ ਗੁਰੂ ਨਾਨਕ ਦੇ ਦਰਸ਼ਨ ਕਰ ਕੇ ਫਨੀਅਰ ਨਾਗ ਵੀ ਸੇਵਾ ਕਰਨ ਆ ਗਿਆ ਤੇ ਗੁਰੂ ਨਾਨਕ ਦੇ ਚਿਹਰੇ ਤੇ ਆਪਣੇ ਫਨ ਦੀ ਛਾਂ ਕਰ ਦਿੱਤੀ। ਬਗਦਾਦ ਦੇ ਲੋਕ ਗੁਰੂ ਨਾਨਕ ਨੂੰ ਪੱਥਰ ਮਾਰਨੇ ਹੀ ਭੁੱਲ ਗਏ। ਗੁਰੂ ਨਾਨਕ ਦੀ ਰਸਨਾ ਰਾਹੀਂ ਜਦੋਂ ਪਰਮੇਸ਼ਰ ਆਪ ਸੰਗੀਤ ਅਤੇ ਰਾਗ ਰੂਪ ਸੁਰਾਂ ਰਾਹੀਂ ਬੋਲਿਆ ਤਾਂ ਸ੍ਰਿਸ਼ਟੀ ਤੇ ਸੰਗੀਤਮਈ ਵਾਤਾਵਰਣ ਛਾ ਗਿਆ। ਦੁਨੀਆਂ ਦੇ ਸੰਗੀਤਕਾਰ ਲੋਕ ਇਸੇ ਕਰਕੇ ਭਗਵਾਨ ਕ੍ਰਿਸ਼ਨ ਮਹਾਰਾਜ ਅਤੇ ਗੁਰੂ ਨਾਨਕ ਦੇਵ ਜੀ ਅਤੇ ਸੁਆਮੀ ਹਰੀਦਾਸ ਜੀ ਨੂੰ ਸੰਗੀਤ ਦੇ ਅਵਤਾਰ ਕਹਿ ਕੇ ਮੰਨਦੇ ਹਨ ਅਤੇ ਪੂਜਦੇ ਹਨ। ਸਤਕਾਰਦੇ ਹਨ। ਸੋ ਇਸ ਲਈ ਪਰਉਪਕਾਰੀ ਗੁਰੂ ਨਾਨਕ ਜੀ ਨੇ, ਦੁਨੀਆਂ ਦੀ ਮਨੁੱਖਤਾ ਨੂੰ ਪ੍ਰੇਮ ਤੇ ਪਿਆਰ ਨਾਲ ਰਹਿਣ ਲਈ ਸੰਗੀਤਮਈ ਬਾਣੀ ਆਪ ਉਚਾਰੀ। ਫਿਰ ਇਹ ਬਾਣੀ ਆਪ ਜੀ ਨੇ ਆਪਣੇ ਕੋਲ ਲਿਖ ਵੀ ਲਈ ਅਤੇ ਰਚਨਾ ਅਤੇ ਸ਼ਬਦ ਨਾਲ ਰਾਗ ਅਤੇ ਤਾਲ ਵੀ ਲਿਖ ਦਿੱਤਾ।

ਸੰਸਕ੍ਰਿਤ ਅਤੇ ਹਿੰਦੁਸਤਾਨੀ ਭਾਸ਼ਾ ਵਿਚ (ਸੰਗੀਤ ਮਾਸਟਰ) ਜਾਂ ਟੀਚਰ ਨੂੰ ਗੁਰੂ ਜੀ ਕਹਿ ਕੇ ਬੁਲਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਗੀਤ ਦਾ ਮੁਜਸਮਾਂ ਹਨ। ਜਿਹਨਾਂ ਦੇ ਅੰਦਰ ਰਾਗ ਰੂਪ ਪਰਮੇਸ਼ਰ ਆਪ ਬਿਰਾਮਾਨ ਹੈ। ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਲਿਖ ਦਿੱਤਾ ਸੀ (ਪੋਥੀ ਪਰਮੇਸਰ ਕਾ ਥਾਨ। ਮ: 5 ਪੰਨਾ 1226) ਅਤੇ ਰੱਬ ਆਪਣੇ ਬੋਲ, ਬਾਣੀ ਅਤੇ ਸੁਰ ਦੇ ਰੂਪ ਵਿਚ ਸੰਗੀਮਤਈ ਆਵਾਜ਼ ਵਿਚ ਹਰ ਵਕਤ ਬੋਲ ਰਿਹਾ ਹੈ। ਸੋ ਇਹ ਸੰਗੀਤ ਮਈ ਆਵਾਜ਼ ਜਿਹਨਾਂ ਨੇ ਸੁਣੀ ਅਤੇ ਮੰਨੀ, ਉਹਨਾਂ ਦੀ ਤਾਂ ਕਾਇਆ ਕਲਪ ਹੋ ਗਈ ਤੇ ਉਹਨਾਂ ਦਾ ਧਰਤੀ ਤੇ ਆਉਣਾ ਸਫਲ ਹੋ ਗਿਆ। ਉਹ ਗੁਰੂ ਨਾਨਕ ਦਾ ਰੂਪ ਹੋ ਗਏ। ਭਾਈ ਲਹਿਣਾ ਜੀ ਨੇ ਗੁਰੂ ਨਾਨਕ ਨੂੰ ਸੁਣਿਆ ਤੇ ਦਰਸ਼ਨ ਵੀ ਕੀਤੇ। ਗੁਰੂ ਦਾ ਹੁਕਮ ਮੰਨਿਆ ਵੀ ਤੇ ਉਹ ਜੀਵਨ ਮੁਕਤ ਹੋ ਗਏ (**ਗੁਰੁ ਨਾਨਕੁ ਜਿਨ ਸੁਣਿਆ ਪੇਖਿਆ**

**ਸੇ ਫਿਰਿ ਗਰਭਾਸਿ ਨ ਪਰਿਆ ਰੇ** ) ਸੋਰਠਿ ਮ: 5 ਪੰਨਾ 612) ਤੇ ਭਾਈ ਲਹਿਣਾ ਜੀ ਗੁਰੂ ਨਾਨਕ ਦਾ ਰੂਪ ਹੋ ਗਏ ਭਾਈ ਗੁਰਦਾਸ ਜੀ ਲਿਖਦੇ ਹਨ (ਥਾਪਿਆ ਲਹਿਣਾ ਜੀਂਵਦੇ, ਗੁਰਿਆਈ ਸਿਰ ਛਤ੍ਰ ਫਿਰਾਇਆ ਪ: 5 ਵਾਰ 1) ਅਤੇ ਫਿਰ ਬਾਬਾ ਅਮਰਦਾਸ ਜੀ ਨੇ ਗੁਰੂ ਅੰਦਰ ਸਾਹਿਬ ਜੀ ਦੇ ਦਰਸ਼ਨ ਕੀਤੇ। ਗੁਰੂ ਨਾਨਕ ਦੀ ਬਾਣੀ ਸੁਣੀ ਤੇ ਸ਼ਰਧਾ ਨਾਲ ਗੁਰੂ ਕੀ ਸੇਵਾ ਕੀਤੀ ਤੇ ਗੁਰੂ ਦੀ ਨਜ਼ਰ ਹੋ ਗਈ। ਆਪ ਜੀ ਤੀਸਰੇ ਗੁਰੂ ਨਾਨਕ ਬਣ ਗਏ। ਭੱਟਾਂ ਨੇ ਬੜੇ ਮਾਣ ਨਾਲ ਗਾਇਆ ਕਿ (ਆਪਿ ਨਰਾਇਣ ਕਲਾ ਧਾਰ ਜਗ ਮਹਿ ਪਰਵਰਿਉ, ਪੰਨਾ 1395) ਸੋ ਜਦੋਂ ਗੁਰੂ ਨਾਨਕ ਦੀ ਸੰਗੀਤ ਮਈ ਆਵਾਜ਼ ਸੁਣ ਕੇ, ਭਾਈ ਲਹਿਣਾ ਜੀ ਅੰਦਰ ਵਸ ਗਈ ਤਾਂ ਉਹ ਗੁਰੂ ਅੰਗਦ ਦੇਵ ਜੀ ਬਣ ਗਏ। ਜਦੋਂ ਗੁਰੂ ਨਾਨਕ ਦੀ ਸੰਗੀਤ ਮਈ ਆਵਾਜ਼ ਗੁਰ ਅੰਗਦ ਜੀ ਤੋਂ ਬਾਬੇ ਅਮਰਦਾਸ ਜੀ ਨੇ ਸੁਣੀ ਤਾਂ ਉਹ ਗੁਰੂ ਅਮਰਦਾਸ ਬਣ ਗਏ। ਭੱਟਾਂ ਨੇ ਸਿਫਤ ਕਰਦਿਆਂ ਗਾਇਆ ਕਿ ਭਲੇ ਅਮਰਦਾਸ ਗੁਣ ਤੇਰੇ। ਤੇਰੀ ਉਪਮਾ ਤੋਹਿ ਬਨ ਆਵੈ (ਪੰਨਾ 1396)। ਜਦੋਂ ਤਿੰਨ ਗੁਰੂ ਸਾਹਿਬਾਂ ਦੀ ਸੰਗੀਤਮਈ ਬਾਣੀ ਭਾਈ ਜੇਠਾ ਜੀ ਨੇ ਸੁਣੀ ਤਾਂ ਉਹ ਚੌਥੇ ਗੁਰੂ ਗੁਰੂ ਰਾਮਦਾਸ ਜੀ ਬਣ ਕੇ ਬੜੇ ਵਜਦ ਇਹ ਪੰਗਤ ਗਾਈ (ਬਾਣੀ ਗੁਰੂ, ਗੁਰੂ ਹੈ ਬਾਣੀ,ਵਿਚਿ ਬਾਣੀ ਅੰਮ੍ਰਿਤ ਸਾਰੇ। ਗੁਰਬਾਣੀ ਕਹੈ ਸੇਵਕ ਜਨ ਮਾਨੇ, ਪਰਤਖਿ ਗੁਰੂ ਨਿਰਸਾਰੇ (ਪੰਨਾ 982)। ਗੁਰੂ ਰਾਮਦਾਸ ਜੀ ਨੇ ਇਸ ਸੰਗੀਤਮਈ ਪਰਮੇਸ਼ਰ ਦੀ ਸ਼ਾਨ ਹੋਰ ਵਧਾਣ ਲਈ, ਇਕ ਸਰੋਵਰ ਤਿਆਰ ਕਰ ਕੇ, ਉਸ ਦੇ ਵਿਚਕਾਰ ਇਕੋ ਥੜਾ (ਅਸਥਾਨ) ਬੜ ਦਿੱਤਾ, ਤਾਂ ਕਿ ਏਥੇ ਜਦੋਂ ਸੰਗੀਤ ਅਤੇ ਗੁਰਬਾਣੀ ਦੀਆਂ ਲਹਿਰਾਂ ਗੂੰਜਣਗੀਆਂ ਤਾਂ (ਜਿਥੈ ਜਾਇ ਬਹੈ ਮੇਰਾ ਸਤਿਗੁਰ ਸੋ ਥਾਨ ਸੁਹਾਵਾ ਰਾਮ ਰਾਜੇ, ਮ: 4 ਪੰਨਾ 450) ਹੋ ਜਾਏਗਾ। ਇਹ ਸਰੋਵਰ ਦਾ ਜਲ ਵੀ ਪਵਿੱਤਰ ਹੋ ਜਾਏਗਾ। ਇਸ ਵਿਚ ਸ਼ਕਤੀ ਹੋ ਜਾਏਗੀ ਕਿ (ਅੰਮ੍ਰਿਤਸਰ ਸਤਿਗੁਰ ਸਤਵਾਦੀ, ਜਿਤ ਨਾਤੈ ਕਊਆ ਹੰਸ ਹੋਵੈ, ਗੁਜਰੀ ਮ: 5, ਪੰਨਾ 493)। ਇਸ ਸੰਗੀਤ ਰੂਪੀ ਜਹਾਜ (ਗ੍ਰੰਥ) ਵਿਚ ਗੁਰੂ ਰਾਮਦਾਸ ਜੀ ਨੇ ਕੁਝ ਹੋਰ ਰਾਗਾਂ ਦਾ ਵੀ ਵਾਧਾ ਕੀਤਾ ਜਿਵੇਂ ਕਿ (ਰਾਗ ਦੇਵ ਗੰਧਾਰੀ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ ਨਾਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ, ਕਲਿਆਨ, ਵਗੈਰਾ ਅਤੇ ਪੰਜਵੇਂ ਗੁਰੂ ਨਾਨਕ ਗੁਰੂ ਅਰਜਨ ਦੇਵ ਜੀ ਨੇ, ਪਹਿਲੇ ਤਾਂ ਉਸ ਥੜੇ ਤੇ, ਜੋ ਗੁਰੂ ਰਾਮਦਾਸ ਜੀ ਨੇ ਬਣਵਾਇਆ ਸੀ, ਉਸ ਦੇ ਉੱਪਰ ਹਰਿ ਮੰਦਿਰ ਸਾਹਿਬ ਦੀ ਸਥਾਪਨਾ ਕੀਤੀ ਅਤੇ ਫਿਰ ਇਸ ਸੰਗੀਤ ਦੇ ਮੁਜਸਮੇਂ ਰਾਗ ਰੂਪ ਬਾਣੀ ਦਾ ਗ੍ਰੰਥ ਤਿਆਰ ਕਰ ਕੇ, ਹਰੀ ਮੰਦਰ ਦੇ ਅੰਦਰ ਪ੍ਰਕਾਸ਼ ਕਰਵਾ ਦਿੱਤਾ ਅਤੇ ਹੁਕਮ ਕਰ ਦਿੱਤਾ ਕਿ (ਪੋਥੀ ਪਰਮੇਸਰ ਕਾ ਥਾਨ, ਮ: 5 ਪੰਨਾ 1226) ਜੋ ਇਸ ਬਾਣੀ ਨੂੰ ਗਾ ਕੇ ਪੜ੍ਹੇਗਾ, ਉਹ ਪਰਮੇਸ਼ਰ ਹੋ ਜਾਏਗ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ, ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਤੇ ਇਕ ਰਾਗ ਜੋ ਗੁਰੂ ਤੇਗ ਬਹਾਦਰ ਸਾਹਿਬ ਨੇ ਗਾਇਆ (ਰਾਗ ਜੈਜਾਵੰਤੀ) ਵਿਚ ਸ਼ਾਮਲ ਕਰ ਕੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕਰ ਕੇ, ਗੁਰਤਾ ਗੱਦੀ ਦੇ ਦਿੱਤੀ ਤੇ 11ਵਾਂ ਗੁਰੂ ਜੁਗੋ ਜੁਗ ਅਟੱਲ ਗੁਰੂ ਥਾਪ ਦਿੱਤਾ।

ਸਤਿਗੁਰ ਜੀ ਨੇ ਸਿੱਖਾਂ ਨੂੰ ਗੁਰੂ ਦੇ ਲੜ ਲਾ ਦਿੱਤਾ ਤੇ ਕਿਹਾ ਕਿ (ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ) ਪਰ ਕੀ ਅਸੀਂ ਸਿੱਖ ਗੁਰੂ ਜੀ ਦੇ ਹੁਕਮ ਤੇ ਚੱਲ ਰਹੇ ਹਾਂ (ਬਿਲਕੁਲ ਨਹੀਂ) ਅਸੀਂ ਤਾਂ ਗੁਰੂ ਸਾਹਿਬ ਜੀ ਦੇ ਆਸ ਤੋਂ ਉਲਟ ਚਲ ਰਹੇ ਹਾਂ। ਗੁਰਮਤਿ ਅਨੁਸਾਰ ਤਾਂ ਸਭ ਸਿੱਖ ਕੌਮ ਨੂੰ ਰਾਗ ਅਤੇ

ਸੰਗੀਤ ਦਾ ਗਿਆਨ ਹੋ ਚਾਹੀਦਾ ਹੈ, ਪਰ ਗੁਰੂ ਗ੍ਰੰਥ ਨੂੰ ਮੰਨਣ ਵਾਲਿਆਂ ਦੀ ਬਹੁਤਾਤ ਉਹਨਾਂ ਲੋਕਾਂ ਦੀ ਹੈ ਜੋ ਕਿ ਸੰਗੀਤਕ ਪੱਖ ਤੋਂ ਬਿਲਕੁਲ ਅਣਜਾਣ ਹਨ ਅਤੇ ਗੁਰੂ ਦੀ ਗਲ ਅਤੇ ਗੁਰੂ ਦੀ ਆਵਾਜ਼ ਸੁਣਨ ਨੂੰ ਤਿਆਰ ਹੀ ਨਹੀਂ, ਪਹਿਲਾਂ ਤਾਂ ਸੁਣਦੇ ਹੀ ਨਹੀਂ ਜੇ ਸੁਣ ਲੈਂਦੇ ਹਨ ਤਾਂ ਮੰਨਣ ਨੂੰ ਹੀ ਤਿਆਰ ਨਹੀਂ, ਖਾਸ ਕਰ ਕੇ ਸਾਡੇ ਪੰਜਾਬ ਦੀ ਬਹੁਤੇ ਸੰਤ ਸੰਗੀਤ ਤੋਂ ਕੋਰੇ ਹਨ, ਦੋ ਚਾਰ ਸੰਤ ਮਹਾਂ ਪੁਰਸ਼ਾਂ ਨੂੰ ਛੱਡ ਕੇ, ਜਿਵੇਂ ਜਵੱਦੀ ਕਲਾਂ ਲੁਧਿਆਣਾ ਵਾਲੇ ਸੰਤ ਸੁੱਚਾ ਸਿੰਘ ਜੀ ਅਤੇ ਹੁਣ ਉਹਨਾਂ ਦੀ ਥਾਂ ਤੇ ਸੰਤ ਅਮੀਰ ਸਿੰਘ ਜੀ, ਇਹਨਾਂ ਮਹਾਂ ਪੁਰਸ਼ਾਂ ਨੇ ਸੰਗੀਤ ਨੂੰ ਸਹੀ ਅਰਥਾਂ ਵਿਚ ਅਪਨਾਇਆ ਹੈ। ਸੰਗੀਤ ਦੇ ਪ੍ਰਚਾਰ ਲਈ ਸੰਗੀਤ ਦਾ ਸਕੂਲ ਵੀ ਖੋਲ੍ਹਿਆ ਹੈ ਅਤੇ ਅਦੁੱਤੀ ਸੰਗੀਤੇ ਸੰਮੇਲਨ ਰਾਹੀਂ ਸੰਗੀਤ ਦਾ ਪ੍ਰਚਾਰ ਵੀ ਕਰ ਰਹੇ ਹਨ ਜਾਂ ਫਿਰ ਇਹਨਾਂ ਤੇ ਪਹਿਲੇ ਬਾਬਾ ਨੰਦ ਜੀ ਮਹਾਰਾਜ ਕਲੇਰਾਂ ਵਾਲੇ ਮਹਾਂਪੁਰਸ਼ਾਂ ਨੇ ਚੰਗੇ ਚੰਗੇ ਸੰਗੀਤਕਾਰ ਰਾਗੀ ਸਿੰਘਾਂ ਨੂੰ ਨਿਵਾਜਿਆ ਅਤੇ ਉਹਨਾਂ ਨੂੰ ਉਤਸ਼ਾਹਤ ਵੀ ਕੀਤਾ, ਜਿਹਨਾਂ ਵਿਚ ਸਿਰਮੌਰ ਕੀਰਤਨੀਏ, ਸੰਤ ਸੁਜਾਨ ਸਿੰਘ ਜੀ ਦਿੱਲੀ ਵਾਲੇ, ਪਹਿਲੇ ਨੰਬਰ ਤੇ ਆਉਂਦੇ ਹਨ। ਜੋ ਸਿੱਖ ਪੰਥ ਦੇ ਮਹਾਨ ਕੀਰਤਨੀਏ ਹਰ ਪੱਖ ਤੋਂ ਪੂਰਨ ਸਨ। ਕਮਾਲ ਦੀ ਸੰਗੀਤਕ ਤੇ ਰਾਗ ਦੀ ਸੂਝ ਤੇ ਕਮਲਾ ਦੀ ਸੁਰੀਲੀ ਆਵਾਜ਼, ਗੁਰਬਾਣੀ ਦੀ ਅਥਾਹ ਸੂਝ ਤੇ ਕਮਾਲ ਦੀ ਵਿਆਖਿਆ, ਮਤਲਬ ਕਿ ਕੀਰਤਨ ਵੱਲੋਂ ਹਰ ਪੱਖ ਵਿਚ ਪੂਰਨ ਅਤੇ ਉਹਨਾਂ ਤੋਂ ਬਾਅਦ ਸੰਤ ਬਹਾਦਰ ਸਿੰਘ ਜਲੰਧਰ ਵਾਲੇ ਅਤੇ ਭਾਈ ਪਿਆਰਾ ਸਿੰਘ ਜੀ ਅੰਮ੍ਰਿਤਸਰ ਵਾਲੇ ਅਤੇ ਹੋਰ ਵੀ ਕਈ ਰਾਗੀ ਉਹਨਾਂ ਦੇ ਸ਼ਾਗਿਰਦ ਹਨ ਅਤੇ ਇਹਨਾਂ ਦੋ ਸੰਤ ਮਹਾਂ ਪੁਰਸ਼ਾ ਤੋਂ ਬਾਅਦ ਤਾਂ ਮੈਨੂੰ ਕੋਈ ਵੀ ਸੰਤ ਮਹਾਂਪੁਰਸ਼ ਐਸਾ ਨਜ਼ਰ ਨਹੀਂ ਆਉਂਦਾ, ਜੋ ਸੰਗੀਤ ਜਾਂ ਰਾਗ ਨਾਲ ਜੁੜਿਆ ਹੋਵੇ। ਬਾਕੀ ਦੇ ਪੰਜਾਬ ਦੇ ਸੰਤ ਸਭ ਢੋਲਕੀ ਚਿਮਟਿਆਂ ਨਾਲ ਹੀ ਸਿੱਧੀਆਂ ਧਾਰਨਾ ਰਾਹਹੀਂ ਕੀਰਤਨ ਕਰਦੇ ਹਨ। ਰਾਗ ਦੇ ਤਾਂ ਨੇੜੇ ਵੀ ਨਹੀਂ ਜਾਂਦੇ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਸੰਨ 1992 ਦੇ ਜਵੱਦੀ ਵਿਖੇ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਮੇਂ, ਸਾਰੇ ਢੋਲਕੀ ਚਿਮਟੇ ਵਾਲੇ ਸੰਤ ਇਕੱਠੇ ਹੋ ਕੇ, ਸੰਤ ਸੁੱਚਾ ਸਿੰਘ ਜੀ ਪਾਸ ਆਏ ਤੇ ਕਹਿਣ ਲੱਗੇ ਕਿ ਅਦੁੱਤੀ ਸੰਗੀਤ ਸੰਮੇਲਨ ਵਿਚ ਇਹਨਾਂ ਢੋਲਕੀ ਚਿਮਟੇ ਵਾਲਿਆਂ ਨੂੰ ਵੀ ਸ਼ਾਮਲ ਕੀਤਾ ਜਾਵੇ, ਤਾਂ ਸੰਤ ਸੁੱਚਾ ਸਿੰਘ ਜੀ ਨੇ ਸਾਫ ਕਹਿ ਦਿੱਤਾ ਸੀ ਕਿ ਜੇਕਰ ਤੁਹਾਡੇ ਵਿਚੋਂ ਕੋਈ ਰਾਗਾਂ ’ਤੇ ਆਧਾਰਤ ਕੀਰਤਨ ਕਰ ਸਕਦਾ ਹੈ ਤਾਂ ਉਸਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਨਹੀਂ ਤਾਂ ਨਹੀਂ।

ਸੋ ਗੁਰਮਤਿ ਸੰਗੀਤ ਅਨੁਸਾਰ ਤਾਂ ਸਭ ਸਿੱਖਾਂ ਨੂੰ ਰਾਗ ਅਤੇ ਸੰਗੀਤ ਦਾ ਗਿਆਨ ਹੋਣਾ ਚਾਹੀਦੈ, ਪਰ ਬਹੁਤ ਘਟ ਸਿੱਖ ਐਸੇ ਹਨ ਜਿਹਨਾਂ ਨੂੰ ਸੰਗੀਤ ਦੀ ਸਮਝ ਹੈ, ਪਰ ਬਹੁਤਾਤ ਉਹਨਾਂ ਸਿੱਖਾਂ ਦੀ ਹੈ ਜਿਹੜੇ ਸੰਗੀਤ ਸਮਝ ਤੋਂ ਪੂਰਨ ਤੌਰ ’ਤੇ ਕੋਝੇ ਹਨ। ਸਤਿਕਾਰਯੋਗ ਗਿ: ਸੰਤ ਸਿੰਘ ਜੀ ਮਸਕੀਨ ਜੀ ਇਹ ਕਹਿੰਦੇ ਹੁੰਦੇ ਸਨ ਕਿ ਗੁਰੂ ਤੇ ਸੰਤ ਮਹਾਂਪੁਰਸ਼ ਜਦੋਂ ਵੀ ਕੋਈ ਬਾਣੀ ਜਾਂ ਵਚਨ ਬੋਲਦੇ ਹਨ ਤਾਂ ਉਹਨਾਂ ਦੇ ਅੰਦਰੋਂ ਭਗਵਾਨ ਬੋਲਦਾ ਹੈ। ਗੁਰੂ ਭਗਵਾਨ ਜਦੋਂ ਵੀ ਬੋਲਦਾ ਹੈ ਤੇ ਭਗਤੀ ਤੇ ਗੀਤ ਬੋਲਦਾ ਹੈ, ਰਾਗ ਬੋਲਦਾ ਹੈ, ਉਹ ਗੀਤ ਭਗਵਤ ਗੀਤਾ, ਅਰਥਾਤ ਭਗਵਾਨ ਦੇ ਗੀਤ ਹੁੰਦੇ ਹਨ। ਸੋ ਜੋ ਵੀ ਗੁਰੂ ਸਾਹਿਬ ਅਤੇ ਭਗਤ ਬੋਲਦੇ ਹਨ, ਉਹ ਭਗਵਾਨ ਦੇ ਗੀਤ ਹਨ। ਉਹਨਾਂ ਨੂੰ ਪੜ੍ਹ ਕੇ ਸੁਨਾਉਣ ਵਾਲਾ ਜੋ ਵੀ ਵਿਅਕਤੀ ਹੋਵੇ, ਉਹ ਸਭ ਰਾਗਾਂ ਦਾ ਜਾਣਕਾਰ ਹੋਣਾ ਚਾਹੀਦਾ ਹੈ, ਜਿਸ ਵੀ ਰਾਗ ਵਿਚੋਂ ਬਾਣੀ ਪੜ੍ਹੀ

ਜਾਵੇ, ਪੜ੍ਹਨ ਵਾਲਾ ਉਸੇ ਹੀ ਰਾਗ ਵਿਚ ਗਾ ਕੇ ਪੜ੍ਹ ਕੇ ਸੁਣਾਵੇ। ਜੋ ਇਸ ਵਿਧੀ ਅਨੁਸਾਰ ਨਹੀ਼ ਪਾਠ ਕਰ ਸਕਦਾ, ਉਹ ਵਿਅਕਤੀ ਅਯੋਗ ਮੰਨਿਆ ਜਾਵੇ। ਉਸ ਨੂੰ ਗ੍ਰੰਥੀ ਜਾਂ ਰਾਗੀ, ਪ੍ਰਚਾਰਕ ਬਣਨ ਦਾ ਕੋਈ ਵੀ ਅਧਿਕਾਰ ਨਹੀਂ ਹੋਣਾ ਚਾਹੀਦਾ।

ਪਿੱਛੇ ਜਿਹੇ ਕੁਝ ਦਿਨ ਪਹਿਲੇ ਇਕ ਅਸਥਾਨ ਤੇ ਰਾਗੀ ਤੇ ਪ੍ਰਚਾਰਕਾਂ ਤੇ ਗੁਣੀ ਗਿਆਨੀਆਂ ਦੀ ਇਕ ਮੀਟਿੰਗ ਹੋ ਰਹੀ ਸੀ। ਉਸ ਮੀਟਿੰਗ ਵਿਚ ਕੁਝ ਸੱਜਣਾਂ ਨੇ ਇਹ ਵਿਚਾਰ ਰੱਖੀ ਕਿ ਜਦੋਂ ਅਸੀਂ ਬਾਹਰਲੇ ਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਜਾਂਦੇ ਹਾਂ ਤਾਂ ਉਥੋਂ ਦੇ ਲੋਕ ਪੰਜਾਬੀ ਭਾਸ਼ਾ ਨਹੀਂ ਸਮਝਦੇ, ਇਸ ਲਈ ਸਾਰੇ ਰਾਗੀ ਅਤੇ ਪ੍ਰਚਾਰਕਾਂ ਨੂੰ ਇੰਗਲਿੰਸ਼ ਅਤੇ ਹਿੰਦੀ ਅਤੇ ਹੋਰ ਭਾਸ਼ਾਵਾਂ ਦਾ ਵੀ ਗਿਆਨ ਜ਼ਰੂਰੀ ਹੋਣਾ ਚਾਹੀਦਾ ਹੈ ਤਾਂ ਵਿਚੋਂ ਕੁਝ ਸੱਜਣ ਜੋ ਕਿ ਕੱਟੜ ਵਿਚਾਰਾਂ ਦੇ ਸਨ, ਉਹ ਕਹਿਣ ਲੱਗੇ ਕਿ ਕਿਉਂ ਅੰਗਰੇਜ਼ੀ ਬੋਲੀਏ, ਬਲਕਿ ਉਹ ਬਾਹਰਲੇ ਲੋਕਾਂ ਨੂੰ ਪੰਜਾਬੀ ਦਾ ਗਿਆਨ ਹੋਣਾ ਚਾਹੀਦਾ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਨਾਨਕ ਪਾਤਸ਼ਾਹ ਜਿਸ ਵੀ ਦੇਸ਼ ਵਿਚ ਗਏ, ਉਹਨਾਂ ਨੇ ਉਥੋਂ ਦੀ ਭਾਸ਼ਾ ਵਿਚ ਹੀ ਲੋਕਾਂ ਨੂੰ ਗੁਰਮਤਿ ਦਾ ਰਾਹ ਦੱਸਿਆ। ਸ੍ਰੀ ਗੁਰੂ ਗ੍ਰੰਥ ਸਾਹਿਰ ਕਈ ਭਾਸ਼ਾਵਾਂ ਵਿਚ ਗੁਰੂ ਸਾਹਿਬ ਜੀ ਦੀ ਬਾਣੀ ਮੌਜੂਦ ਹੈ, ਜਿਸ ਤਰ੍ਹਾਂ ਕਿ ਪੰਜਾਬੀ ਤੋਂ ਇਲਾਵਾ, ਲਹਿੰਦੀ ਪੰਜਾਬੀ, ਡਖਣੇ, ਫਾਰਸੀ, ਮਰਾਠੀ, ਹਿੰਦੀ ਸੰਸਕ੍ਰਿਤ, ਪਸ਼ਤੋ, ਸਿੰਧੀ, ਹੋਰ ਕਈ ਭਾਸ਼ਾਵਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਹਨ ਤਾਂ ਫਿਰ ਅਸੀਂ ਇਸ ਗੱਲ ਤੇ ਕਿਉਂ ਬਜ਼ਿਦ ਹਾਂ ਕਿ ਅਸੀਂ ਹੋਰ ਭਾਸ਼ਾ ਨਹੀਂ ਪੜ੍ਹਨੀ ਜਾਂ ਬੋਲਣੀ। ਫਿਰ ਜਿੰਨੀਆਂ ਜ਼ਿਆਦਾ ਭਾਸ਼ਾਵਾਂ ਦਾ ਗਿਆਨ ਮਨੁੱਖ ਨੂੰ ਹੋਵੇ, ਉਤਨਾ ਹੀ ਉਹ ਵਿਅਕਤੀ ਜ਼ਿਆਦਾ ਗੁਣੀ ਤੇ ਸਿਆਣਾ ਮੰਨਿਆ ਜਾਂਦਾ ਹੈ। ਕਰਿਸਚਨ ਕੌਮ ਦਾ ਪ੍ਰਚਾਰ ਦੁਨੀਆਂ ਵਿਚ ਕਿਉਂ ਸਭ ਤੋਂ ਜ਼ਿਆਦਾ ਹੋਇਆ ਹੈ, ਕਿਉਂਕਿ ਉਹਨਾਂ ਨੇ ਦੁਨੀਆਂ ਦੀ ਹਰ ਭਾਸ਼ਾ ਵਿਚ ਆਪਣਾ ਲਿਟਰੇਚਰ ਛਾਪ ਕੇ ਲੋਕਾਂ ਨੂੰ ਵੰਡਿਆ ਹੈ। ਬਿਨਾਂ ਕਿਸੇ ਜਾਤ ਪਾਤ ਦੇ ਵਿਤਕਰੇ ਤੋਂ ਹਰ ਇਨਸਾਨ ਨਾਲ ਹਮਦਰਦੀ ਕੀਤੀ ਹੈ। ਉਹ ਭੁੱਖੇ ਕੋਲ ਭੋਜਨ ਲੈ ਜਾਂਦੇ ਹਨ ਤੇ ਨੰਗਿਆਂ ਕੋਲ ਕੱਪੜੇ ਲੈ ਜਾਦੇ ਹਨ। ਹਰ ਤਰ੍ਹਾਂ ਦੀ ਮਨੁੱਖਤਾ ਦੀ ਮਦਦ ਤੇ ਸੇਵਾ ਕਰਦੇ ਹਨ ਅਤੇ ਅਸੀਂ ਸਿੱਖ ਤਾਂ ਗੁਰਪੁਰਬਾਂ ਤੇ ਲੰਗਰ ਬਣਾ ਕੇ ਆਪ ਹੀ ਛਕ ਜਾਂਦੇ ਹਾਂ। ਗਰੀਬਾਂ ਨੂੰ ਧੱਕੇ ਹੀ ਮਾਰਦੇ ਰਹਿੰਦੇ ਹਾਂ। ਗੁਰੂ ਕੀ ਗੋਲਕਾਂ ਦਾ ਧਨ ਇਸ ਪਾਸੇ ਲੱਗਣਾ ਚਾਹੀਦਾ ਹੈ, ਪਰ ਅਸੀਂ ਤਾਂ ਗੋਲਕਾਂ ਪਿੱਛੇ ਆਪ ਹੀ ਲੜੀ ਜਾਂਦੇ ਹਾਂ। ਕਈ ਥਾਵਾਂ ’ਤੇ ਗੁਰੂ ਦੀ ਗੋਲਕ ਪਿੱਛੇ ਕਈ ਕਈ ਪਾਰਟੀਆਂ ਬਣੀਆਂ ਹੋਈਆਂ ਹਨ ਤੇ ਆਪਸ ਵਿਚ ਹੀ ਲੜੀ ਜਾਂਦੇ ਹਨ। ਗੁਰਮਤਿ ਦਾ ਪ੍ਰਚਾਰ ਕਿਸ ਨੇ ਕਰਨਾ ਹੈ ਅਤੇ ਜਿਹੜੇ ਪ੍ਰਚਾਰ ਕਰਦੇ ਹਨ, ਉਹਨਾਂ ਨੂੰ ਕੋਈ ਸਹਾਇਤਾ ਸਾਡੀ ਕੌਮ ਨਹੀਂ ਕਰਦੀ। ਇਸੇ ਲਈ ਸਿੱਖੀ ਦਾ ਪ੍ਰਚਾਰ ਅਧੂਰਾ ਹੈ।

ਮੋਬਾਇਲ : 9780708747

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਸੁਰ ਲਿਪੀ - ਰਾਗ ਮਾਲਕੌਂਸ

ਗਿਆਨ ਸਿੰਘ ਐਬਟਾਬਾਦ

ਵਾਦੀ-ਮ, ਸੰਵਾਦੀ-ਸ, ਠਾਠ - ਭੈਰਵੀ, ਜਾਤ-ਓਡਵ, ਸਮਾਂ : ਰਾਤੀ ਤੀਸਰਾ ਪ:

ਪਕੜ ਧ਼ੁ ਨ਼ੁ ਸ ਮ ਗੁ, ਸ ਗੁ ਮ ਗੁ ਸ।

ਮ ਨੁ

ਆਰੋਹ : ਨ਼ੁ ਸ, ਗੁ ਮ, ਧੁ ਨੁ ਸਂ।

ਆਰੋਹ - ਸਂ ਨੁ ਧੁ ਮ ਗੁ ਸ।

ਝਪ ਤਾਲ (ਬਿਲੰਬਿਤ)

| | | | | | | | | | |
|---|---|---|---|---|---|---|---|---|---|
| ਅਸਥਾਈ | | | | | | | | | |
| × | 2 | | | | 0 | | 3 | | |
| ਸ | ਗੁ | ਮ | ਧੁ | ਨੁ | ਸਂ | - | ਧੁਨੁ | ਧੁ | ਮ |
| ਦੇ | ਹ | s | s | ਸਿ | ਵਾ | s | ਬs | s | ਰ |
| ਨੁ | ਧੁ | ਨੁ | ਸਂ | ਸਂ | ਧੁ | ਨੁ | ਧੁਮ | ਗੁ | ਸ |
| ਮੇ | s | ਹਿ | s | ਇ | ਹੈ | s | ਸੁs | s | ਭ |
| ਗੁਂ | ਗੁਂ | ਗੁਂ | - | ਮਂ | ਗੁਂ | ਸਂ | ਨੁ | ਧੁ | ਮ |
| ਕ | ਰ | ਮ | s | ਨ | ਤੇ | s | ਕ | s | ਬ |
| ਨੁ | ਧੁ | ਨੁ | ਸਂ | ਸਂ | ਧੁ | ਨੁ | ਧੁ | ਮ | ਗ |
| ਹੂੰ | s | ਨ | s | ਟ | ਰੋ | s | s | s | s |
| ਅੰਤਰਾ | | | | | | | | | |
| | | | | | | | ਨੁਧੁ | ਮ | ਮ |
| | | | | | | | ਨs | s | ਡ |
| ਗੁ | ਮ | ਧੁ | - | ਨੁ | ਸਂ | - | ਸਂ | - | ਸਂ |
| ਰੋ | s | ਅ | s | ਰ | ਸੋਂ | s | ਜ | s | ਬ |
| ਨੁ | - | ਸਂ | - | ਸਂ | ਨੁਸਂਗੁਂ | ਸਂ | ਨੁ | ਧੁ | ਨੁ |
| ਜਾ | s | ਇ | s | ਲ | ਰੋss | s | ਨਿ | s | ਸ |
| ਸਂ | ਗੁਂ | ਗੁਂ | - | ਮਂ | ਗੁਂ | ਸਂ | ਨੁ | ਧੁ | ਮ |
| ਚੈ | s | ਕ | s | ਰ | ਅ | ਪ | ਨੀ | s | s |
| ਨੁ | ਧੁ | ਨੁ | ਸਂ | ਸਂ | ਧੁ | ਨੁ | ਧੁ | ਮ | ਗੁ |
| ਜੀ | s | ਤ | s | ਕ | ਰੋ | s | s | s | s |

**IF YOU WANT TO DONATE**

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302. FIC code State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

## ਸੁਰਲਿਪੀ ਵਾਲੇ ਸ਼ਬਦਾਂ ਦੇ ਅਰਥ

The physical body (deh) is analogous to Siva's (a mythical Indian god) superpowers, therefore I should not fear when committing myself to good deeds.

That I shall not fear when I go into combat. And with determination I will be victorious.

That I may teach myself this greed alone, to speak only of Thy (allmighty lord Waheguru) praises.

And when the last days of my life come, I may die in the might of the battlefield.||231||


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਪ੍ਰਾਣੀ ਏਕੋ ਨਾਮੁ ਧਿਆਵਹੁ

ੴ

## ਪ੍ਰਾਣੀ ਏਕੋ ਨਾਮੁ ਧਿਆਵਹੁ

**Praanee Eaeko Naam Dhiaavuhu**

ਗੁਰਬਾਣੀ ਕੀਰਤਨ

**ਡਾ. ਜਾਗੀਰ ਸਿੰਘ, ਚੰਡੀਗੜ੍ਹ**

- Praanee Eaeko Naam Dhiaavuhu
- Sathigur Aaeiou Suran Thuhaaree
- Maadho Har Har Har Mukh Keheeai
- Huno Balihaarai Jaao Saachae Thaerae Naam Vittuhu
- Maerae Har Jeeo Subh Ko Thaerai Vas

- ਪ੍ਰਾਣੀ ਏਕੋ ਨਾਮੁ ਧਿਆਵਹੁ - ਸਤਿਗੁਰ ਆਇਓ ਸਰਣਿ ਤੁਹਾਰੀ
ਮਾਧਉ ਹਰਿ ਹਰਿ ਹਰਿ ਮੁਖਿ ਕਹੀਐ - ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com  Website : www.amritkirtan.com**

Postal Regd. No. G/CHD /0045/2012-14 RNI Regd. No. 46788/89 ISSN 0972-2335



ਜਿਸ ਤਰ੍ਹਾਂ ਬੰਗਾਲ ਵਿਚ ਸੰਗੀਤ ਨੂੰ ਤਰਜੀਹ (ਪਹਿਲ) ਦਿੱਤੀ ਜਾਂਦੀ ਹੈ, ਬੰਗਾਲ ਵਿਚ ਉਤਨੀ ਦੇਰ ਲੜਕੇ ਲੜਕੀ ਦੀ ਸ਼ਾਦੀ ਨਹੀਂ ਕੀਤੀ ਜਾਂਦੀ ਜਿਤਨੀ ਦੇਰ ਉਹ ਸੰਗੀਤ ਵਿਚ ਪਰਪੱਕ ਨਾ ਹੋ ਜਾਣ। ਲੇਕਿਨ ਸਿੱਖ ਕੌਮ ਦਾ ਤਾਂ ਇਸ਼ਟ ਹੀ ਸੰਗੀਤ ਦਾ ਮੁਜੱਸਮਾ ਹੈ। ਰਾਗ ਦਾ ਰੂਪ ਹੈ। ਸਿੱਖ ਕੌਮ ਨੂੰ ਤਾਂ ਰਾਗ ਸੰਗੀਤ ਦੀ ਸਮਝ ਹੀ ਨਹੀਂ।

ਮੈਨੂੰ ਇਕ ਘਟਨਾ ਚੰਗੀ ਤਰ੍ਹਾਂ ਯਾਦ ਹੈ, ਉਹ ਏਥੇ ਲਿਖਣੀ ਜ਼ਰੂਰੀ ਸਮਝਦਾ ਹਾਂ। ਸੰਨ 1977 ਵਿਚ ਜਦੋਂ ਅਸੀਂ ਤਖਤ ਸ੍ਰੀ ਪਟਨਾ ਸਾਹਿਰ ਦੀ ਸੇਵਾ ਵਿਚ ਸਾਂ ਤੇ ਪ੍ਰਬੰਧਕ ਕਮੇਟੀ ਨੇ, ਤਖਤ ਸਾਹਿਬ ਦੀ ਉਗਰਾਹੀ ਕਰਨ ਵਾਸਤੇ ਸਾਡੀ ਡੀਊਟੀ ਲਾ ਦਿੱਤੀ।ਉਗਰਾਹੀ ਵਾਸਤੇ ਸਾਡੇ ਜੱਥੇ ਨੂੰ ਬੰਬਈ ਭੇਜਿਆ ਕਿ ਤੁਸੀਂ ਉਥੋਂ ਮਾਇਆ ਉਗਰਾਹ ਕੇ ਲਿਆਉ ਤੇ ਅਸੀਂ ਉਸ ਸੇਵਾ ਵਾਸਤੇ ਬੰਬਈ ਗਏ। ਅਸੀਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਾਦਰ ਵਿਖੇ ਲਹਿਰੇ ਹੋਏ ਸਾਂ। ਉਹਨੀ ਦਿਨੀ ਨਿਹੰਗ ਸਿੰਘਾਂ ਦਾ ਬੁੱਢਾ ਦਲ, ਬੰਬਈ ਵਿਖੇ ਆ ਗਿਆ। ਬੁੱਢਾ ਦਲ ਦੇ ਨਾਲ, ਰਾਗੀ ਜੱਥਾ ਭਾਈ ਜੋਗਿੰਦਰ ਸਿੰਘ, ਮਹਿੰਦਰ ਸਿੰਘ ਜੀ ਪਟਿਆਲੇ ਵਾਲਿਆਂ ਦਾ ਜੱਥਾ ਸੀ, ਇਹ ਰਾਗੀ ਜੱਥਾ ਬਹੁਤ ਹੀ ਸੁਲਝਿਆ ਰਾਗੀ ਜੱਥਾ ਸੀ। ਇਹ ਕਲਾਸੀਕਲ ਕੀਰਤਨ ਵਿਚ ਬਹੁਤ ਮਾਹਿਰ ਸਨ। ਮੇਰੇ ਸੱਚੇ ਮਿੱਤਰ ਵਿਚੋਂ ਇਕ ਸਨ ਅਤੇ ਬਾਅਦ ਵਿਚ ਇਸ ਜੱਥੇ ਨੂੰ ਸਚਖੰਡ ਸ੍ਰੀ ਹਜੂਰ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਪੱਕੇ ਤੌਰ 'ਤੇ ਕੀਰਤਨ ਦੀ ਸੇਵਾ ਲਈ ਰੱਖ ਲਿਆ ਸੀ। ਇਕ ਦਿਨ ਬੁੱਢਾ ਦਲ ਦੇ ਜੱਥੇਦਾਰ ਸਾਹਿਬ ਨਾਲ ਵਿਚਾਰਾਂ ਚੱਲ ਰਹੀਆਂ ਹਨ, ਮੈਂ ਜੱਥੇਦਾਰ ਸਾਹਿਬ ਨੂੰ ਪੁੱਛਿਆ ਕਿ ਜੱਥੇਦਾਰ ਜੀ ਆਮ ਤੌਰ 'ਤੇ ਨਿਹੰਗ ਸਿੰਘਾਂ ਦੀ ਸ਼੍ਰੇਣੀ ਨੂੰ ਰਾਗ ਜਾਂ ਸੰਗੀਤ ਦੀ ਇਤਨੀ ਸਮਝ ਨਹੀਂ ਹੁੰਦੀ ਤਾਂ ਆਪ ਜੀ ਨੇ ਇਹ ਪੱਕੇ ਰਾਗ ਕਲਾਸੀਕਲ ਰਾਗ ਗਾਉਣ ਵਾਲਾ ਰਾਗੀ ਜੱਥੇ ਕਿਉਂ ਰੱਖਿਆ ਹੋਇਆ ਹੈ। ਇਸ ਦਾ ਕੀ ਕਾਰਨ ਹੈ। ਜੱਥੇਦਾਰ ਸਾਹਿਰ ਜੀ ਨੇ ਮੈਨੂੰ ਉੱਤਰ ਦਿੱਤਾ ਕਿ ਭਾਈ ਸਾਹਿਰ ਜੀ, ਜਦ ਸਾਡੇ ਗੁਰੂ ਸਾਹਿਬਾਂ ਨੇ ਸਾਰੀ ਬਾਣੀ ਰਾਗਾਂ ਵਿਚ ਹੀ ਉਚਾਰੀ ਹੈ ਤਾਂ ਬਾਣੀ ਸੁਣਾਉਣ ਵਾਲਿਆਂ ਨੂੰ ਵੀ ਤਾਂ ਰਾਗਾਂ ਦੀ ਸਮਝ ਹੋਣੀ ਚਾਹੀਦੀ ਹੈ ਅਤੇ ਬਾਣੀ ਸੁਣਨ ਵਾਲਿਆਂ ਨੂੰ ਵੀ ਰਾਗ ਸੰਗੀਤ ਦੀ ਸਮਝ ਹੋਣੀ ਚਾਹੀਦੀ ਹੈ। ਜੇਕਰ ਸੁਣਨ ਵਾਲੇ ਵੀ ਰਾਗ ਸੰਗੀਤ ਜਾਣਦੇ ਹੋਣਗੇ ਤਾਂ ਹੀ ਤਾਂ ਉਹ ਰਾਗੀ ਤੇ ਸੰਗੀਤਕਾਰਾਂ ਦੀ ਕਦਰ ਕਰਨਗੇ। ਜਿਹੜੇ ਸਰੋਤੇ ਰਾਗ ਸੰਗੀਤ ਦੀ ਸਮਝ ਨਹੀਂ ਰੱਖਦੇ, ਉਹ ਗੁਰੂ ਤੋਂ ਬੇਮੁੱਖ ਹਨ। ਉਹ ਬੋਲੇ ਤੇ ਬਹਿਰੇ ਹਨ। ਗੁਰੂ ਦੇ ਦਰਸ਼ਨ ਕਰਨ ਤੋਂ ਵੀ ਅੰਧੇ ਵੀ ਹਨ। ਅਸੀਂ ਇਸੇ ਲਈ ਇਹ ਰਾਗੀ ਜੱਥਾ ਨਾਲ ਰੱਖਿਆ ਹੋਇਆ ਹੈ ਤਾਂ ਕਿ ਸਾਨੂੰ ਵੀ ਕੁਝ ਸੰਗੀਤ ਦੀ ਸਮਝ ਪੈ ਜਾਵੇ। ਜਿਹਨਾਂ ਨੂੰ ਸੰਗੀਤ ਦੀ ਸਮਝ ਨਹੀਂ, ਉਹਨਾਂ ਨੂੰ ਸਿੱਖਣਾ ਚਾਹੀਦਾ ਹੈ।

ਅਸੀਂ ਕਈ ਵਾਰ ਇਹ ਵੇਖਿਆ ਹੈ ਕਿ ਅਸੀਂ ਥਾਵਾਂ ਤੇ ਗੁਰੂ ਕੇ ਸਿੱਖ ਰਾਗੀ ਸਿੰਘਾਂ ਨੂੰ ਇਹ ਕਹਿੰਦੇ ਵੇਖੇ ਗਏ ਹਨ ਕਿ ਭਾਈ ਸਾਹਿਬ ਜੀ ਸਾਨੂੰ ਸਿੱਧਾ ਸਿੱਧਾ ਕੀਰਤਨ ਸੁਣਾਇਆ ਜੇ ਸਾਨੂੰ ਪੱਕਾ ਰਾਗ ਸਮਝ ਨਹੀਂ ਆਉਂਦਾ। ਇਹੀ ਕਾਰਨ ਹੈ ਕਿ ਸਾਡੇ ਪੰਜਾਬ ਦੀ ਸੰਤ ਸ਼੍ਰੇਣੀ ਨੇ ਧਾਰਨਾ ਵਾਲਾ ਕੀਰਤਨ ਢੋਲਦੀ ਚਿਮਟੇ ਨਾਲ ਕਰਨਾ ਸ਼ੁਰੂ ਕਰ ਦਿੱਤਾ। ਇਸ ਦਾ ਅਸਰ ਇਹ ਹੋਇਆ ਕਿ ਸਿੱਖ ਕੌਮ ਗੁਰੂ ਤੋਂ ਬੇਮੁੱਖ ਹੋ ਗਈ ਕਿਉਂਕਿ ਸੰਤ ਸ਼੍ਰੇਣੀ ਕੀਰਤਨ ਘਟ ਕਰਦੀ ਹੈ, ਪਰ ਗੱਪਾਂ ਅਤੇ ਸਾਖੀਆਂ ਜ਼ਿਆਦਾ ਸੁਣਾਉਂਦੀ ਹੈ। ਕਈ ਸਾਖੀਆਂ ਵੀ ਮਨ ਘੜ੍ਹਤ ਹੁੰਦੀਆਂ ਹਨ ਅਤੇ ਆਮ ਲੋਕ ਚਾਹੁੰਦੇ ਹਨ ਕਿ ਰਾਗੀ ਲੋਕ ਸਾਨੂੰ ਸਿੱਧੀਆਂ ਸਿੱਧਖਆਂ ਧਾਰਨਾ ਅਤੇ ਫਿਲਮੀ ਤਰਜ਼ਾਂ ਤੇ ਸੰਗੀਤ ਸੁਣਾਉਣ। ਗੱਪਾਂ ਅਤੇ ਸਾਖੀਆਂ ਸੁਣਾਉਣ। ਇਸ ਤਰ੍ਹਾਂ ਅਸੀਂ ਸਭ ਸਿੱਖ ਗੁਰੂ ਸਾਹਿਬ ਦੇ ਆਸ਼ੇ ਤੋਂ ਅਤੇ ਗੁਰਮਤਿ ਤੋਂ ਉਲਟ ਚੱਲਣ ਲੱਗ ਪਏ ਹਾਂ।

ਨਿਯਮ : ਜਦ ਅਸੀਂ ਗੁਰੂ ਕੇ ਸਿੱਖ ਹੁੰਦੇ ਹੋਏ, ਗੁਰੂ ਕੀ ਮਤ ਅਨੁਸਾਰ ਨਾ ਚਲ ਕੇ ਰਾਗ ਸੰਗੀਤ ਨੂੰ ਤਿਲਾਜਲੀ ਦੇ ਗਏ ਹਾਂ, ਉਥੇ ਅਸੀਂ ਆਪਣੇ ਨਿਯਮ ਵੀ ਗੁਰੂ ਆਸ਼ੇ ਨੂੰ ਛੱਡ ਕੇ ਆਪਣੇ ਹੀ ਬਣਾ ਲਏ ਹਨ, ਗੁਰੂ ਦੇ ਬਣਾਏ ਨਿਯਮਾਂ ਨੂੰ ਤਿਆਗ ਦਿੱਤਾ ਹੈ ਅਤੇ ਆਪਣੇ ਬਣਾਏ ਨਿਯਮਾਂ ਨੂੰ ਗੁਰਮਤਿ ਕਹਿਣਾ ਸ਼ੁਰੂ ਕਰ ਦਿੱਤਾ ਹੈ। ਗੁਰੂ ਸਾਹਿਬ ਜੀ ਨੇ ਜੋ ਨਿਯਮ ਤੈਅ ਕੀਤੇ ਹਨ, ਉਸ ਅਨੁਸਾਰ ਸਤਿਗੁਰ ਜੀ ਹੁਕਮ ਕਰਦੇ ਹਨ ਕਿ ਜੋ ਸਿੱਖ ਆਪਣੇ ਆਪ ਨੂੰ ਗੁਰੂ ਕਾ ਸਿੱਖ ਅਖਵਾਉਂਦਾ ਹੈ, ਉਸ ਦੇ ਇਹ ਨਿਯਮ ਇਹ ਗੁਰੂ ਕਾ ਹੁਕਮ ਲਾਗੂ ਹੋ ਜਾਂਦਾ ਹੈ, ਉਸ ਵਾਸਤੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਸ ਮਰਯਾਦਾ ਦਾ ਪਾਲਣ ਕਰੇ ਤੇ ਗੁਰੂ ਕੇ ਇਸ ਹੁਕਮ ਤੇ ਚੱਲਣ ਦੀ ਕੋਸ਼ਿਸ਼ ਕਰੇ। ਉਸ ਤੇ ਇਹ ਮਰਯਾਦਾ ਲਾਗੂ ਹੋ ਜਾਦੀ ਹੈ ਕਿ ਗੁਰੂ ਦਾ ਸਿੱਖ ਸਵਾ ਪਹਿਰ ਰਾਤ ਰਹਿੰਦੀ ਹੋਵੇ, ਉਸ ਵਕਤ ਅੰਮ੍ਰਿਤ ਵੇਲਾ ਹੁੰਦਾ ਹੈ, ਉਸ ਵਕਤ ਸੁੱਤਾ ਹੋਇਆ ਉੱਠੇ ਜਾਗੇ ਤੇ ਉੱਠ ਕੇ ਪਹਿਲੇ ਵਾਹਿਗੁਰੂ ਦਾ ਸਿਮਰਨ ਕਰੇ। ਸਿਮਰਨ ਕਰਦਾ ਹੋਇਆ ਹੀ ਉੱਠੇ। ਫਿਰ ਇਸ਼ਨਾਨ ਕਰ ਕੇ ਸੁੱਚਾ ਹੋ ਕੇ, ਗੁਰੂ ਉਪਦੇਸ਼ ਨੂੰ ਯਾਦ ਕਰੇ, ਯਾਨੀ ਨਿਤਨੇਮ ਜੋ ਗੁਰੂ ਨੇ ਹੁਕਮ ਕੀਤਾ ਹੈ ਉਸ ਦਾ ਪਾਲਣ ਕਰੇ। ਫਿਰ ਇਕ ਮਨ ਇਕ ਚਿੱਤ ਹੋ ਕੇ ਦਿਨ ਚੜ੍ਹਨ ਤੇ ਕੀਰਤਨ ਕਰੇ। ਬਹਿੰਦਿਆਂ ਉਠਦਿਆਂ ਖਾਂਦਿਆਂ ਪੀਂਦਿਆਂ ਹਰ ਵਕਤ ਸਿਮਰਨ ਕਰੇ। ਜੋ ਗੁਰੂ ਕਾ ਸਿੱਖ ਇਹਨਾਂ ਹੁਕਮਾਂ ਤੇ ਚੱਲਦਾ ਹੈ ਉਹ ਸਿੱਖ ਗੁਰੂ ਨੂੰ ਚੰਗਾ ਲਗਦਾ ਹੈ ਤੇ ਉਸ ਸਿੱਖ ਤੇ ਖੁਸ਼ ਹੋ ਕੇ ਫਿਰ ਸਤਿਗੁਰ ਉਸ ਨੂੰ ਆਪਣੇ ਉਪਦੇਸ਼ ਸੁਣਾਉਂਦਾ ਹੈ। ਜਿਸ ਨੂੰ ਗੁਰੂ ਉਪਦੇਸ਼ ਦਿੰਦਾ ਹੈ, ਸਤਿਗੁਰੂ ਐਸੇ ਸਿੱਖ ਦੀ ਚਰਨ ਧੂੜੀ ਆਪ ਲੋਚਦਾ ਹੈ। ਜੋ ਆਪ ਵੀ ਸਿਮਰਨ ਕਰਦਾ ਹੈ ਤੇ ਹੋਰਨਾਂ ਨੂੰ ਵੀ ਸਿਮਰਨ ਕਰਾਉਂਦਾ ਹੈ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥